੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

1920 ਤੋਂ ਸਾਲ 100 ਵਾਂ

# ਸਤਜੁਗ

ਸਤਜੁਗਿ ਸਚੁ ਕਹੈ ਸਭੁ ਕੋਈ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

Price: Rs.5/-

੧੬ ਤੋਂ ੨੯ ਮਾਘ ੨੦੭੭ ਬਿ.

28 Jan. To 11 Feb. 2021

ਜਿਲਦ 28,
ਨੰਬਰ 25
Total Pages 44




ਤੇਰੇ ਖਿਆਲੀਂ ਬਣਦੇ ਮਹਿਲਾਂ ਨੂੰ, ਉਸਰਨ ਤੋਂ ਪਹਿਲਾਂ ਢਾਹ ਦੇਣਾ।
ਇੱਥੇ ਘਰ-ਘਰ ਜਾਗ ਬ਼ਗਾਵਤ ਦਾ, ਅਸੀਂ ਹਰ ਬੰਦੇ ਨੂੰ ਲਾ ਦੇਣਾ।

– ਮਾਲਵਿੰਦਰ ਮਾਨ

## ਸ੍ਰੀ ਭੈਣੀ ਸਾਹਿਬ ਦੀ ਸੰਗਤ ਕਿਸਾਨੀ ਅੰਦੋਲਨ ਵਿੱਚ ਕੰਬਲਾਂ ਦੀ ਸੇਵਾ ਕਰਦੀ ਹੋਈ।



# ਸਤਿਜੁਗ


੧੬ ਤੋਂ ੨੯ ਮਾਘ ੨੦੭੭ ਬਿ.

29 ਜਨਵਰੀ ਤੋਂ 11 ਫਰਵਰੀ 2021 ਈ:

ਜਿਲਦ 28, ਵੀਰਵਾਰ ਨੰਬਰ 25

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



**Advisory Board:**
*Harvendra Singh Hanspal*
*Gurbhej Singh Guraya*

**Editorial Board:**
*Suwarn Singh 'Virk'*
*Sukhwinder Singh 'Lyall'*
*Harpal Singh Sewak*
*Sant Nishan Singh*
*Jaswant Singh 'Mast'*
***Bhajan Singh***
***Gurlal Singh***



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
***Hakam Singh***
***Vishav Namdhari Sangat***
***Sri Bhaini Sahib***
***Satjug@sribhainisahib.com***



**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* ਸੰਪਾਦਕੀ- ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਹੋਈ.....
  ਜਸਵੰਤ ਸਿੰਘ ਮਸਤ..............................4
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ......................6
* ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.....................6
* ਵਰਤਮਾਨ ਕਿਸਾਨੀ ਘੋਲ: ਚੇਤੰਨ ਤੇ ਸਮੂਹਕ ਅਗਵਾਈ...
  ਡਾ. ਗਿਆਨ ਸਿੰਘ................................7
* ਕਿਸਾਨੀ ਮਸਲਿਆਂ ਦਾ ਸਦੀਵੀ ਹੱਲ ਕਿਵੇਂ ਹੋਵੇ?
  ਡਾ. ਵਰਿੰਦਰਪਾਲ ਸਿੰਘ..........................12
* ਕਿਰਤੀਆਂ ਦੇ ਹੱਥਾਂ ਨੂੰ ਲੱਖ-ਲੱਖ ਸਿਜਦੇ!
  ਪ੍ਰੋ. ਅਵਤਾਰ ਸਿੰਘ..............................16
* ਠੁਮਰੀ ਦਾ ਪੀਰ : ਮੌਜ ਦੀਨ ਖਾਂ
  ਬਲਬੀਰ ਸਿੰਘ ਕੰਵਲ............................17
* ਗ਼ਜ਼ਲ (ਰੁਪਿੰਦਰ ਸਿੰਘ ਦਿਓਲ)............................19
* ਕੁਆਰੀ ਸੰਨਿਆਸਣ (ਅਮਰੀਕੀ ਕਹਾਣੀ)
  ਖ਼ਲੀਲ ਜਿਬਰਾਨ................................20
* ਟੁੱਟੀ ਛੰਨ ਨੂੰ ਸ਼ੀਸ਼ ਮਹਿਲ ਕਹਿਣ ਵਾਲੇ ਧਰਤੀ ਦੇ ਜਾਏ
  ਸ੍ਰੀ ਸੁਰਜੀਤ ਪਾਤਰ..............................22
* ਅਮਰੀਕੀ ਕਿਸਾਨ ਕੰਟਰੈਕਟ ਫਾਰਮਿੰਗ ਦੇ ਕੀ ਸਿੱਟੇ ....
  ਰਿਪੋਰਟ-ਬੀ.ਬੀ.ਸੀ. ਪੰਜਾਬੀ, ਪੱਤਰਕਾਰ-ਵਿਨੀਤ ਖਰੇ.....26
* ਕਾਵਿ ਕਿਆਰੀ ..........................................30
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਕਵੀ ਪ੍ਰੀਤਮ ਸਿੰਘ ਜੀ................32
* A Saga of Sri Satguru Jagjit Singh ji
  Dr. Sharada Jayagovind ..............35
* ਸੁੱਚੇ ਮੋਤੀ................................................37
* ਬੱਚਿਆਂ ਦਾ ਪੰਨਾ..........................................39
* ਖ਼ਬਰਨਾਮਾ................................................41



ਨੋਟ: ਲੇਖਕਾਂ ਦੇ ਵਿਚਾਰ ਨਿੱਜੀ ਹਨ, ਉਹਨਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਹੋਈ ਤਹਿਸ ਨਹਿਸ

ਖੇਤੀ ਆਰਡੀਨੈਂਸ ਆਉਣ ਤੋਂ ਲੈ ਕੇ ਹੁਣ ਤੱਕ ਲਗਾਤਾਰ ਕਿਸਾਨੀ ਸੰਘਰਸ਼ ਦਿਨ-ਬ-ਦਿਨ ਤੇਜ਼ ਹੁੰਦਾ ਜਾ ਰਿਹਾ ਹੈ। ਇਸ ਵਿਚ ਨਵਾਂ ਮੋੜ ਉਸ ਸਮੇਂ ਆਇਆ ਜਦੋਂ ਕਿਸਾਨ ਜਥੇਬੰਦੀਆਂ ਦੇ 26 ਨਵੰਬਰ ਨੂੰ ਦਿੱਲੀ ਚੱਲੋ ਦੇ ਸੱਦੇ ਤੇ ਲੱਖਾਂ ਦੀ ਗਿਣਤੀ ਵਿੱਚ ਲੋਕ ਦਿੱਲੀ ਲਈ ਚੱਲ ਪਏ। ਸਰਕਾਰ ਦੁਆਰਾ ਲਾਠੀਚਾਰਜ, ਵਾਟਰ ਕੈਨਨ, ਅੱਥਰੂ ਗੈਸ ਅਤੇ ਬੈਰੀਕੇਡ ਆਦਿ ਹਰ ਪ੍ਰਕਾਰ ਦੀਆਂ ਰੋਕਾਂ ਤੇ ਜ਼ੁਲਮ ਨੂੰ ਉਲੰਘਦੇ ਹੋਏ ਇਹ ਕਿਸਾਨ ਦਿੱਲੀ ਦੇ ਚਾਰੇ ਪਾਸੇ ਜਾ ਪਹੁੰਚੇ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਕਿਸਾਨ ਅੰਦੋਲਨ ਵਿੱਚ ਮੋਹਰੀ ਭੂਮਿਕਾ ਪੰਜਾਬ ਦੇ ਕਿਸਾਨਾਂ ਦੀ ਹੈ ਪਰ 26 ਨਵੰਬਰ ਨੂੰ ਦਿੱਲੀ ਪੁੱਜਣ ਨਾਲ ਕਿਸਾਨੀ ਅੰਦੋਲਨ ਦੇਸ਼ ਵਿਆਪੀ ਬਣਨ ਲੱਗਾ। ਦਿੱਲੀ ਦੇ ਬਾਰਡਰਾਂ ਤੇ ਪੰਜਾਬ ਤੋਂ ਇਲਾਵਾ ਹਰਿਆਣਾ, ਯੂ.ਪੀ., ਐੱਮ.ਪੀ., ਰਾਜਸਥਾਨ, ਮਹਾਂਰਾਸ਼ਟਰ ਆਦਿ ਸਟੇਟਾਂ ਤੋਂ ਵੀ ਕਿਸਾਨ ਪਹੁੰਚਣੇ ਸ਼ੁਰੂ ਹੋ ਗਏ। ਪੰਜਾਬ ਦੇ ਕਿਸਾਨਾਂ ਲਈ ਬੇਸ਼ੱਕ ਖਾਲਿਸਤਾਨੀ, ਵੱਖਵਾਦੀ ਆਦਿ ਸ਼ਬਦ ਵਰਤੇ ਗਏ ਪਰ ਸਾਰੀਆਂ ਸਟੇਟਾਂ ਤੋਂ ਆ ਰਹੇ ਕਿਸਾਨਾਂ ਨੇ ਇਸ ਫ਼ਿਰਕਾਪ੍ਰਸਤੀ ਨੂੰ ਠੋਕਵਾਂ ਜਵਾਬ ਦਿੱਤਾ। ਕਿਸਾਨ ਇੱਕ ਦੂਸਰੇ ਨੂੰ ਭਾਈ-ਭਾਈ ਕਹਿ ਰਹੇ ਨੇ। ਉਹ ਕਿਸਾਨ ਮਜ਼ਦੂਰ ਏਕਤਾ ਦੇ ਨਾਅਰੇ ਲਾ ਰਹੇ ਹਨ। ਪੰਜਾਬ ਦੀਆਂ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਲੰਗਰ ਲਾਏ ਹਨ। ਇਸ ਤੋਂ ਇਲਾਵਾ ਦੂਸਰੇ ਰਾਜਾਂ ਦੇ ਕਿਸਾਨਾਂ ਅਤੇ ਹਿੰਦੂ-ਮੁਸਲਿਮ ਜਥੇਬੰਦੀਆਂ ਨੇ ਲੰਗਰ ਲਾ ਕੇ ਫ਼ਿਰਕਾਪ੍ਰਸਤੀ ਦੇ ਮੂੰਹ ਤੇ ਕਰਾਰੀ ਚਪੇੜ ਵੀ ਮਾਰੀ।

ਅਕਸਰ ਸਿਆਸੀ ਲੀਡਰ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ’ਤੇ ਚੱਲਦੇ ਹੋਏ ਲੋਕਾਂ ਵਿੱਚ ਫ਼ਿਰਕਾਪ੍ਰਸਤੀ ਦੇ ਬੀਜ ਬੀਜਦੇ ਹਨ। ਇਸ ਨੀਤੀ ਦੀ ਵਰਤੋਂ ਪੰਜਾਬ ਦੇ ਟੋਟੇ ਕਰਨ ਤੋਂ ਲੈ ਕੇ ਹੁਣ ਤੱਕ ਹਰਿਆਣੇ ਤੇ ਪੰਜਾਬ ਦੇ ਲੋਕਾਂ ਨੂੰ ਪਾੜਨ ਲਈ ਸਿਆਸੀ ਲੀਡਰਾਂ ਵੱਲੋਂ ਵਰਤੀ ਜਾ ਰਹੀ ਹੈ। ਪਰ ਇਸ ਕਿਸਾਨ ਅੰਦੋਲਨ ਨੇ ਪੰਜਾਬ ਤੇ ਹਰਿਆਣੇ ਦੇ ਲੋਕਾਂ ਵਿਚ ਪਾਈ ਗਈ ਕੁੜੱਤਣ ਤੇ ਦੂਰੀ ਨੂੰ ਬਹੁਤ ਹੱਦ ਤੱਕ ਖ਼ਤਮ ਕਰ ਦਿੱਤਾ ਹੈ।

ਪੰਜਾਬ ਤੋਂ, ਆਏ ਦਿਨ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ, ਮਜ਼ਦੂਰ, ਵਕੀਲ ਆੜ੍ਹਤੀ ਆਦਿ ਪੰਜਾਬ ਦੇ ਲੋਕ ਦਿੱਲੀ ਦੇ ਬਾਰਡਰਾਂ ’ਤੇ ਕਿਸਾਨੀ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਜਾਂਦੇ ਹਨ, ਤਾਂ ਇਨ੍ਹਾਂ ਦੇ ਲਈ ਹਰਿਆਣੇ ਦੇ ਭੈਣ ਭਰਾਵਾਂ ਵੱਲੋਂ ਥਾਂ-ਥਾਂ ਲੰਗਰ ਲਾਏ ਗਏ ਹਨ। ਹਰਿਆਣੇ ਦੇ ਲੋਕਾਂ ਨੂੰ ਲੰਗਰਾਂ ਬਾਰੇ ਪੁੱਛਣ ਤੇ ਉਹ ਕਹਿੰਦੇ ਹਨ ਕਿ ਸਾਨੂੰ ਸੇਵਾ ਦਾ ਮੌਕਾ ਮਿਲਿਆ ਹੈ। ਅਸੀਂ ਇਹ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੇ। ਹਰਿਆਣੇ ਦੇ ਲੋਕ ਜਿੱਥੇ ਸਿੰਘੂ, ਟਿਕਰੀ ਗਾਜੀਆਬਾਦ, ਪਲਵਲ ਆਦਿ ਬਾਰਡਰਾਂ ’ਤੇ ਧਰਨਿਆਂ ਵਿੱਚ ਸ਼ਾਮਲ ਹੋ ਰਹੇ ਨੇ, ਉੱਥੇ ਉਹ ਧਰਨੇ ਤੇ ਬੈਠੇ ਪੰਜਾਬੀ ਤੇ ਬਾਕੀ ਕਿਸਾਨਾਂ ਲਈ ਨਿੱਤ ਵਰਤੋਂ ਦੀਆਂ ਵਸਤਾਂ ਦੁੱਧ, ਸਬਜ਼ੀਆਂ ਆਦਿ ਇਕੱਠੀਆਂ ਕਰ ਕੇ ਲਿਆਉਂਦੇ ਹਨ।

ਪੰਜਾਬ ਦੇ ਇਕ ਨੌਜਵਾਨ ਨੂੰ ਇਕ ਹਰਿਆਣਵੀ ਨੌਜਵਾਨ ਨੇ ਫੋਨ ਕਰਕੇ ਹਾਲ ਚਾਲ ਪੁੱਛਿਆ ਤਾਂ ਪੰਜਾਬੀ ਨੌਜਵਾਨ ਦਾ ਜਵਾਬ ਸੀ ਕਿ ਭਰਾਵਾ ਹਾਲ ਕਾਹਦਾ ਠੰਢ ਬਹੁਤ ਹੈ, ਠੰਢ ਵਿੱਚ ਠਰ ਰਹੇ ਆਂ। ਉਸ ਹਰਿਆਣਵੀ ਨੌਜਵਾਨ ਨੇ ਪਿੰਡ ਵਾਸੀਆਂ ਨੂੰ ਦੱਸਿਆ ਕਿ ਸਾਡੇ ਕਿਸਾਨ ਭਰਾ ਠੰਡ ਵਿਚ ਮਰ ਰਹੇ ਨੇ, ਪਾਥੀਆਂ ਦੇ ਕੇ ਆਉਣੀਆਂ ਨੇ, ਪਿੰਡ ਵਾਲਿਆ ਮਿੰਟਾਂ ਵਿਚ ਹੀ ਇਕ ਪੂਰੀ ਦੀ ਪੂਰੀ ਟਰਾਲੀ ਪਾਥੀਆਂ ਨਾਲ ਭਰ ਦਿੱਤੀ ਤੇ ਉਹ ਨੌਜਵਾਨ ਧਰਨੇ ਵਿੱਚ ਟਰਾਲੀ ਪਾਥੀਆਂ ਦੀ ਉਤਾਰ ਗਿਆ। ਇਸੇ ਤਰ੍ਹਾਂ ਲੱਕੜਾਂ ਤੇ ਬਾਕੀ ਖਾਣ ਪੀਣ ਦੇ ਰਾਸ਼ਨ ਦੀਆਂ ਟਰਾਲੀਆਂ ਲੈ ਕੇ ਵੀ ਲੋਕ ਆ ਰਹੇ ਹਨ।

ਪੰਜਾਬ ਤੋਂ ਗਈਆਂ ਬੀਬੀਆਂ ਨੂੰ ਹਰਿਆਣਵੀ ਨੌਜਵਾਨ ਆਪਣੀਆਂ ਮਾਵਾਂ ਤੇ ਭੈਣਾਂ ਕਹਿ ਰਹੇ ਨੇ। ਸਿੰਘੂ ਅਤੇ ਟਿਕਰੀ ਬਾਡਰ ਤੇ ਬੈਠੀਆਂ ਬੀਬੀਆਂ ਲਈ ਸਥਾਨਕ ਲੋਕ ਵਿਸ਼ੇਸ਼ ਪ੍ਰਬੰਧ ਕਰ ਰਹੇ ਨੇ, ਬੀਬੀਆਂ ਦੇ ਸੌਣ ਤੇ ਨਹਾਉਣ ਆਦਿ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਨੇ। ਹਰਿਆਣੇ ਦੁਆਰਾ ਕੀਤੀ ਗਈ ਸੇਵਾ ’ਤੇ, ਪੰਜਾਬ ਦੀਆਂ ਬੀਬੀਆਂ ਕਹਿ ਰਹੀਆਂ ਨੇ ਕਿ ਸਾਨੂੰ ਬਹੁਤ ਸਾਰੇ ਵੀਰ ਤੇ ਭੈਣਾਂ ਮਿਲ ਗਏ ਹਨ। ਅਸੀਂ ਇਨ੍ਹਾਂ ਨੂੰ ਵਿਆਹ ਸ਼ਾਦੀਆਂ ’ਤੇ ਸੱਦਾਂਗੇ।

ਵਿਦੇਸ਼ ਵਿੱਚ ਬੈਠੇ ਇੱਕ ਨੌਜਵਾਨ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਤੇ ਘੁੰਮ ਰਹੀ ਹੈ। ਉਹ ਨੌਜਵਾਨ ਕਹਿ ਰਿਹਾ ਹੈ ਕਿ ਮੈਂ ਆਪਣੇ ਇੱਕ ਮਿੱਤਰ ਨੂੰ ਫੋਨ ਕੀਤਾ ਕਿ ਕੀ ਹਾਲ ਹੈ ਧਰਨੇ ’ਤੇ ਤਾਂ ਉਸ ਨੇ ਅੱਗੋਂ ਕਿਹਾ ਕਿ ਭਰਾਵਾ ਹਰਿਆਣੇ, ਯੂਪੀ ਆਦਿ ਦੇ ਕਿਸਾਨਾਂ ਨਾਲ ਬਹੁਤ ਗੂੜ੍ਹੀ ਦੋਸਤੀ ਪੈ ਗਈ ਹੈ। ਅੱਗੋਂ ਉਸ ਨੇ ਕਿਹਾ ਕਿ ਹੁਣ ਜਦੋਂ ਕਦੇ ਵਿਆਹ ਕਰਿਆ ਕਰਾਂਗੇ ਤਾਂ ਕਿਹਾ ਕਰਾਂਗੇ ਕਿ ਸਿੰਘੂ ਵਾਲੇ ਤਾਂ ਪਹੁੰਚ ਗਏ ਨੇ, ਟਿਕਰੀ ਵਾਲੇ ਰਸਤੇ ਵਿਚ ਨੇ, ਤੇ ਗਾਜ਼ੀਪੁਰ ਵਾਲੇ ਤੁਰਨ ਲੱਗੇ ਨੇ। ਪੰਜਾਬ ਦੇ ਨਿੱਕੇ ਨਿੱਕੇ ਨਿਆਣੇ ਕਹਿ ਰਹੇ ਨੇ ਕਿ ਸਾਡੇ ਜਿਹੜੇ ਹਰਿਆਣੇ ਦੇ ਦੋਸਤ ਬਣੇ ਨੇ, ਉਨ੍ਹਾਂ ਨੂੰ ਅਸੀਂ ਘਰ ਲੈ ਕੇ ਜਾਵਾਂਗੇ। ਪੰਜਾਬ ਦੇ ਕਈ ਬਜ਼ੁਰਗਾਂ ਨੇ ਐੱਸ. ਵਾਈ.ਐੱਲ ਦੇ ਮੁੱਦੇ ਤੇ ਕਿਹਾ ਕਿ ਅਸੀਂ ਹਰਿਆਣੇ ਨੂੰ ਤਿਹਾਇਆ ਨਹੀਂ ਮਰਨ ਦਿੰਦੇ, ਪਾਣੀ ਦੇ ਦਿਆਂਗੇ। ਹਰਿਆਣੇ ਦੇ ਕੁਝ ਸਿਆਸੀ ਲੀਡਰਾਂ ਨੇ ਐਸ.ਵਾਈ.ਐਲ ਦਾ ਮੁੱਦਾ ਚੁੱਕਿਆ ਤਾਂ ਹਰਿਆਣਵੀਆਂ ਨੇ ਉਨ੍ਹਾਂ ਨੂੰ ਜਵਾਬ ਦੇ ਦਿੱਤਾ-

ਕਿਸੇ ਨੇ ਕਿਹਾ ਅਸੀਂ ਜਾਣਦੇ ਹਾਂ ਕਿ ਜਿਹੋ ਜਿਹਾ ਤੁਸੀਂ ਪਾਣੀ ਪਹਿਲਾਂ ਦਿੱਤਾ ਤਾਂ ਉਹੋ ਜਿਹਾ ਹੁਣ ਦੇ ਦਿਓਗੇ।

ਕਿਸੇ ਨੇ ਕਿਹਾ ਕਿ ਐਸ.ਵਾਈ.ਐਲ ਦੇ ਮੁੱਦੇ ਲਈ ਇਹ ਸਮਾਂ ਸਹੀ ਨਹੀਂ ਹੈ।


ਕਿਸੇ ਨੇ ਕਿਹਾ ਕਿ ਜੋ ਜ਼ਮੀਨ ਬਚੇਗੀ ਪਾਣੀ ਦੀ ਲੋੜ ਤਾਂ ਫੇਰ ਹੈ ਜੇ ਜ਼ਮੀਨ ਹੀ ਨਾ ਬਚੀ ਫਿਰ ਪਾਣੀ ਦਾ ਕੀ ਕਰਾਂਗੇ।

ਗੱਲ ਕੀ ਹਰਿਆਣਵੀ ਲੋਕਾਂ ਨੇ ਫਿਰਕਾਪ੍ਰਸਤ ਸਿਆਸੀ ਲੀਡਰਾਂ ਦੀ ਬੋਲਤੀ ਬੰਦ ਕਰ ਦਿੱਤੀ। ਬੇਸ਼ੱਕ ਸਿੱਖਾਂ ਤੇ ਪੰਜਾਬੀਆਂ ਪ੍ਰਤੀ ਇਕ ਵਾਰ ਫਿਰ ਫਿਰਕਾਪ੍ਰਸਤੀ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਪਰ ਲੋਕਾਂ ਦੀ ਏਕਤਾ ਇਸ ਕੋਝੀ ਚਾਲ ਤੇ ਲਗਾਤਾਰ ਪਾਣੀ ਫੇਰ ਰਹੀ ਹੈ। ਐਸ.ਵਾਈ.ਐਲ ਬਾਰੇ ਹਰਿਆਣੇ-ਪੰਜਾਬ ਦੇ ਲੋਕਾਂ ਦੇ ਅਜਿਹੇ ਬਿਆਨਾਂ ਬਾਰੇ ਅਸੀਂ ਦੋ ਤਿੰਨ ਮਹੀਨੇ ਪਹਿਲਾਂ ਸੋਚ ਵੀ ਨਹੀਂ ਸਕਦੇ ਸੀ। ਹਰਿਆਣੇ-ਪੰਜਾਬ ਦੇ ਲੋਕਾਂ ਨੂੰ ਲਗਾਤਾਰ ਐੱਸ.ਵਾਈ.ਐੱਲ, ਚੰਡੀਗੜ੍ਹ ਆਦਿ ਮੁੱਦਿਆਂ ਤੇ ਲੜਾਇਆ ਜਾ ਰਿਹਾ ਸੀ। ਇਹ ਮੁੱਦੇ ਸਿਆਮੀ ਲੀਡਰਾਂ ਨੇ ਖੜ੍ਹੇ ਕੀਤੇ ਸੀ, ਪਰ ਇਸ ਅੰਦੋਲਨ ਨੇ ਠੰਢੇ ਬਸਤੇ ਪਾ ਦਿੱਤੇ। ਹੋਰ ਤਾਂ ਹੋਰ ਹਰਿਆਣੇ ਵਾਲੇ ਪੰਜਾਬ ਨੂੰ ਵੱਡਾ ਭਰਾ ਕਹਿ ਰਹੇ ਨੇ। ਪੰਜਾਬ ਦੇ ਕਿਸਾਨ ਲੀਡਰਾਂ ਦੇ ਹਰਿਆਣੇ ਵਿੱਚ ਦੌਰੇ ਹੋ ਰਹੇ ਨੇ। ਦੋਵੇਂ ਰਾਜਾਂ ਦੇ ਲੋਕ ਹਰਿਆਣਾ-ਪੰਜਾਬ ਨੂੰ ਇੱਕ ਕਰਨ ਦੀ ਵੀ ਆਵਾਜ਼ ਚੁੱਕਣ ਲੱਗੇ ਹਨ। ਉਨ੍ਹਾਂ ਦਾ ਤਰਕ ਹੈ ਕਿ ਹਰਿਆਣਾ-ਪੰਜਾਬ ਵਿੱਚੋਂ ਹੀ ਨਿਕਲਿਆ ਹੈ ਤੇ ਅਸੀਂ ਭਰਾ-ਭਰਾ ਹਾਂ। ਜੇ ਹਰਿਆਣਾ-ਪੰਜਾਬ ਇਕੱਠੇ ਹੋ ਜਾਣ ਤਾਂ ਦੋਵੇਂ ਰਾਜਾਂ ਦੇ ਲੋਕਾਂ ਨੂੰ ਲੜਾਉਣ ਲਈ ਜੋ ਮਸਲੇ ਵਰਤੇ ਜਾਂਦੇ ਹਨ, ਉਹ ਵੀ ਖ਼ਤਮ ਹੋ ਜਾਣਗੇ। ਕਿਸਾਨ ਅੰਦੋਲਨ ਵਿਚ ਹਰਿਆਣੇ-ਪੰਜਾਬ ਤੋਂ ਇਲਾਵਾ ਬਾਕੀ ਰਾਜਾਂ ਦੇ ਕਿਸਾਨ ਮਜ਼ਦੂਰਾਂ ਦੀ ਆਪਸੀ ਸਾਂਝ ਬਣ ਰਹੀ ਹੈ ਤੇ ਸਿਆਸੀ ਲੀਡਰਾਂ ਦੀ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਖ਼ਤਮ ਹੋ ਰਹੀ ਹੈ ਤੇ ਪਿਆਰ ਦੀਆਂ ਪੀਂਘਾਂ ਪੈ ਰਹੀਆਂ ਹਨ।

**-ਜਸਵੰਤ ਸਿੰਘ ਮਸਤ**

**ਸੰਪ: 98550-58178**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ




ਸੋ ਭਾਈ ਮੈ ਤਾ ਕਿਸੇ ਨੂੰ ਕੁਛ ਨਹੀ ਆਖਦਾ, ਗੁਰੂ ਦੇ ਘਰ ਸਭੋ ਕੁਛ ਬਥੇਰਾ ਹੈ। ਦੇਸ ਮੈ ਸਾਰੇ ਸਿਖਾ ਨੇ, ਸਾਧਾ ਨੇ ਵੈਰ ਕੀਤਾ ਪੁਜਕੇ ਵੇਕਾਰਨ। ਅਕਾਲ ਬੁੰਗੇ ਵਾਲਿਆ ਨੇ ਵੇਕਾਰਨ ਸਾਰੇ ਦੇਸ ਮੈ ਕਲਾਮ ਲਿਖਕੇ ਫੇਰ ਦਿਤੀ ਅਵਚਲਾ ਨਗਰ ਸਾਹਿਬ ਤਾਈ। ਕਲਾਮ ਕਹਿਣ ਵਾਲਿਆ ਦੇ, ਤੁਸੀ ਸਤਿ ਕਰਕੇ ਮੰਨਣਾ, ਦੁਹੀ ਜਹਾਨੀ ਮੁਹ ਕਾਲਾ ਅਰ ਰੂਈ ਸਿਆਹੁ ਹੋਵੇਗਾ ।

ਭਾਈ ਸਾਡੇ ਤਾ ਕੁਛ ਬਸ ਨਹੀ, ਪ੍ਰਮੇਸਰ ਦੀ ਆਗਿਆ ਏਸਤ੍ਰਾ ਹੈ। ਨਹੀ ਤਾ ਤੁਸੀ ਤਾ ਆਪਣੇ ਸਰੀਰ ਹੋ, ਕੋਈ ਪੰਜਾਬੀ ਆਵੇ ਤਾ ਉਸ ਦੀ ਅਛੀ ਤਰਾ ਸੇਵਾ ਟਹਿਲ ਕਰੀਏ। ਭਾਈ ਗੁਰੂ ਜੀ ਦਾ ਹੁਕਮ ਥਾ 'ਬਹੁ ਦੁਖ ਪਾਵੈ ਖਾਲਸਾ' ਸੋ ਹੋਆ ਹੈ। ਰਛਿਆ ਦਾ ਬੀ ਹੁਕਮ ਹੈ ਗੁਰੂ ਸਾਹਿਬ ਦਾ। ਸੋ ਰਛਿਆ ਬੀ ਠੀਕ ਹੋਊਗੀ। ਈਸਰਾ ਦਾ ਕਹਿਣਾ ਸਤਿ ਹੁੰਦਾ ਹੈ, ਸਭ ਦਿਨ ਇਕੋ ਜੇਹੇ ਨਹੀ ਹੁੰਦੇ। ਅਗੇ ਭਾਈ ਗੁਰੂ ਦੀ ਗੁਰੂ ਜਾਣੇ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਜਿਹਨੇ ਕਣਕ ਬੀਜੀ ਨਹੀਂ, ਉਸਨੇ ਵੱਢਣੀ ਕਿੱਥੋਂ ਹੈ



ਸੱਚੇ ਪਾਤਸ਼ਾਹ ਨੇ ਲਿਖਿਆ ਹੈ -

ਵਤ ਲਗੀ ਸਚੇ ਨਾਮ ਕੀ, ਜੋ ਬੀਜੇ ਸੋ ਖਾਇ॥

ਵੈਸਾਖ ਵਿਚ ਕਣਕ ਵੱਢਦੇ ਨੇ ਲੋਕ। ਪਰ ਜਿਸਨੇ ਕੱਤਕ ਵਿੱਚ ਬੀਜੀ ਹੀ ਨਹੀਂ, ਫੇਰ ਉਹ ਦੂਜਿਆਂ ਨੂੰ ਵੇਖ ਕੇ ਸੜੇ, ਏਹ ਸਿਆਣਪ ਨਹੀਂ ਉਸਦੀ। ਸਤਿਗੁਰਾਂ ਨੇ ਇਹ ਵੀ ਲਿਖਿਆ ਹੈ - 'ਕਰੁਤਾ ਬੀਜ ਬੀਜੈ ਨਹੀਂ ਜੰਮੈ।' ਵੈਸਾਖ ਵਿਚ ਕਣਕ ਬੀਜੋ, ਜੇ ਉਹ ਉੱਗ ਵੀ ਪਏਗੀ, ਪਰ ਉਸਨੂੰ ਫਲ ਨਹੀਂ ਆਏਗਾ।

ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥
ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ॥
ਹਰਿ ਬਿਨੁ ਬੈਲ ਬਿਰਾਨੇ ਹੁਈਹੈ॥
ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ॥
ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ॥

ਇਹ ਸਾਰੀ ਗੱਲ ਕਿਉਂ ਹੋਈ -

ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ॥

# ਵਰਤਮਾਨ ਕਿਸਾਨੀ ਘੋਲ-ਚੇਤੰਨ ਤੇ ਸਮੂਹਕ ਅਗਵਾਈ ਦਾ ਆਗਾਜ਼

ਡਾ. ਗਿਆਨ ਸਿੰਘ

ਜੂਨ ਵਿਚ ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀਬਾੜੀ ਆਰਡੀਨੈਂਸਾਂ ਨੂੰ ਪਾਸ ਕਰਨ ਅਤੇ ਸਤੰਬਰ ਵਿਚ ਤਿੰਨ ਖੇਤੀ ਬਿਲ ਪਾਰਲੀਮੈਂਟ ਵੱਲੋਂ ਪਾਸ ਕਰਕੇ ਕਾਨੂੰਨ ਬਣਾਉਣ ਕਾਰਨ ਪੰਜਾਬ ਵਿਚੋਂ ਸ਼ੁਰੂ ਹੋਇਆ ਕਿਸਾਨ ਸੰਘਰਸ਼ ਬਹੁਤ ਪੱਖਾਂ ਤੋਂ ਵਿਲੱਖਣ ਹੈ। ਪੂਰੀ ਦੁਨੀਆਂ ਵਿਚ ਇਸ ਤਰ੍ਹਾਂ ਦੇ ਲੋਕਤੰਤਰਿਕ ਅਤੇ ਸ਼ਾਂਤਮਈ ਕਿਸਾਨ ਸੰਘਰਸ਼ ਦੇ ਬਰਾਬਰ ਦੀ ਹੋਰ ਕੋਈ ਵੀ ਉਦਾਹਰਣ ਨਹੀਂ ਮਿਲਦੀ। ਇਹ ਸੰਘਰਸ਼ ਪੰਜਾਬ ਤੋਂ ਸ਼ੁਰੂ ਹੋ ਕੇ ਮੁਲਕ ਦੇ ਬਹੁਤੇ ਭਾਗਾਂ ਵਿਚ ਪਹੁੰਚ ਗਿਆ ਹੈ। ਕਿਸਾਨ ਸੰਘਰਸ਼ ਨੇ ਜਿਸ ਤਰ੍ਹਾਂ ਸਮਾਜ ਦੇ ਵੱਖ-ਵੱਖ ਵਰਗਾਂ ਦਾ ਧਿਆਨ ਆਪਣੇ ਵੱਲ ਖਿੱਚਦੇ ਹੋਏ ਉਨ੍ਹਾਂ ਦੀ ਹਮਦਰਦੀ ਅਤੇ ਭਾਗੀਦਾਰੀ ਪ੍ਰਾਪਤ ਕੀਤੀ ਹੈ, ਹੁਣ ਇਹ ਸੰਘਰਸ਼ ਲੋਕ-ਸੰਘਰਸ਼ ਬਣ ਗਿਆ ਹੈ। ਇਹ ਸੰਘਰਸ਼ ਦੀਆਂ ਸਿਫ਼ਤਾਂ ਸਿਰਫ਼ ਭਾਰਤੀ ਸਮਾਜ ਦੇ ਵੱਖ-ਵੱਖ ਵਰਗ ਹੀ ਨਹੀਂ ਕਰ ਰਹੇ ਹਨ, ਸਗੋਂ ਦੁਨੀਆਂ ਦੇ ਵੱਖ-ਵੱਖ ਮੁਲਕਾਂ ਦੇ ਰਾਜਸੀ ਆਗੂ ਵੀ ਇਸ ਨੂੰ ਸਲਾਹ ਰਹੇ ਹਨ ਅਤੇ ਯੂਨਾਈਟਿਡ ਨੇਸ਼ਨਜ਼ ਦੇ ਮੁਖੀ ਨੇ ਇਸ ਤਰ੍ਹਾਂ ਦੇ ਕਿਸਾਨ ਸੰਘਰਸ਼ ਨੂੰ ਕਿਸਾਨਾਂ ਦਾ ਹੱਕ ਦੱਸਿਆ ਹੈ। ਹੁਣ ਕਿਸਾਨ ਸੰਘਰਸ਼ ਸਿਰਫ਼ ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਾਉਣ ਤੱਕ ਹੀ ਸੀਮਤ ਨਹੀਂ, ਸਗੋਂ ਇਸ ਦੇ ਸਰਕਾਰ ਅਤੇ ਸਮਾਜ ਲਈ ਬਹੁਤ ਸੁਨੇਹੇ ਹਨ, ਜੋ ਇਸ ਦੇ ਵੱਖ-ਵੱਖ ਪੱਖਾਂ ਨੂੰ ਦੇਖਣ ਤੋਂ ਮਿਲਦੇ ਹਨ। ਇਸ ਸੰਘਰਸ਼ ਨੇ ਜਿਹੜੇ ਸੁਨੇਹੇ ਦਿੱਤੇ ਹਨ, ਉਨ੍ਹਾਂ ਵਿਚ ਸੰਘਵਾਦ ਨੂੰ ਮਜ਼ਬੂਤ ਕਰਨਾ, ਆਰਥਕ ਵਿਕਾਸ ਮਾਡਲ ਨੂੰ ਬਦਲਣਾ, ਸਮਾਜਕ ਸਭਿਆਚਾਰਕ ਪੱਖਾਂ ਨੂੰ ਨਿੱਘਾ ਅਤੇ ਮਜ਼ਬੂਤ ਕਰਨਾ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਬਚਾਅ ਦੀ ਜਗਾ ਸੰਘਰਸ਼ਾਂ ਨੂੰ ਅਪਣਾਉਣਾ ਪ੍ਰਮੁੱਖ ਹਨ। ਇਨ੍ਹਾਂ ਸੁਨੇਹਿਆਂ ਤੋਂ ਪਤਾ ਲੱਗਦਾ ਹੈ ਕਿ ਕਿਸਾਨ ਸੰਘਰਸ਼ ਕਿਰਤੀਆਂ ਦੀ ਮੁਕਤੀ ਦਾ ਹੈ ਅਤੇ ਲੰਮਾ ਹੋ ਸਕਦਾ ਹੈ, ਪਰ ਜਿੱਤ ਸੰਘਰਸ਼ਸ਼ੀਲ ਕਿਰਤੀਆਂ ਦੀ ਹੋਵੇਗੀ। ਮਨੁੱਖੀ ਬੇਇਨਸਾਫ਼ੀ ਵਿਰੁੱਧ ਸੰਘਰਸ਼ ਕਰਕੇ ਹੀ ਮਨੁੱਖ ਰਹਿ ਸਕਦਾ ਹੈ, ਉਹ ਕਿਸਾਨਾਂ ਸਮੇਤ ਹੋਰ ਵੱਖ-ਵੱਖ ਕਿਰਤੀ ਵਰਗ ਕਰ ਰਹੇ ਹਨ। ਆਪਣੇ ਹੱਕਾਂ ਲਈ ਜੂਝਣਾ ਅਤੇ ਸੰਘਰਸ਼ ਕਰਨੇ ਮਨੁੱਖਾਂ ਦੇ ਜ਼ਿੰਦਾ ਹੋਣ ਦੀ ਨਿਸ਼ਾਨੀ ਹੁੰਦੀ ਹੈ। ਸਿਰਨਾਮਾ ਸਿਰਫ਼ ਉਨ੍ਹਾਂ ਜਿਉਂਦੇ ਮਨੁੱਖਾਂ ਦਾ ਹੁੰਦਾ ਹੈ, ਜਿਹੜੇ ਜਾਗਦੇ ਹੋਏ ਆਪਣੇ ਹੱਕਾਂ ਲਈ ਜੂਝਦੇ ਅਤੇ ਸੰਘਰਸ਼ ਕਰਦੇ ਹਨ। ਇਸ ਸੰਘਰਸ਼ ਨੇ ਪਗੜੀ ਸੰਭਾਲ ਜੱਟਾ, ਗਦਰ ਪਾਰਟੀ, ਗੁਰਦੁਆਰਾ ਸੁਧਾਰ ਲਹਿਰ , ਮੁਜ਼ਾਰਾ ਲਹਿਰ ਅਤੇ ਕਈ ਹੋਰ ਲਹਿਰਾਂ ਅਤੇ ਮੋਰਚਿਆਂ ਦੀਆਂ ਯਾਦਾਂ ਤਾਜ਼ਾ ਕਰਵਾ ਦਿੱਤੀਆਂ ਹਨ। ਇਸ ਸੰਘਰਸ਼ ਨੇ ਸਿਆਸਤ ਨੂੰ ਪ੍ਰਭਾਵਤ ਕੀਤਾ ਹੈ। ਇਸ ਸੰਘਰਸ਼ ਤੋਂ ਜਿੱਤ ਦੀਆਂ ਬਹੁਤ ਜ਼ਿਆਦਾ ਉਮੀਦਾਂ ਹਨ, ਪਰ ਇਕ ਅਹਿਮ ਸੁਨੇਹਾ ਇਹ ਹੈ ਕਿ ਭਵਿੱਖ ਵਿਚ ਸਰਕਾਰਾਂ ਲੋਕ-ਵਿਰੋਧੀ ਕਾਨੂੰਨ ਨਾ ਬਣਾਉਣ। ਇਸ ਸੰਘਰਸ਼ ਦੁਆਰਾ ਕਿਸਾਨਾਂ ਅਤੇ ਕਿਰਤੀਆਂ ਨੇ ਆਪਣੇ ਆਪ ਨੂੰ ਜਾਗਰਤ ਅਤੇ ਭੈਅ-ਮੁਕਤ ਕੀਤਾ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੰਘਰਸ਼ ਕਰਨ ਦਾ ਸਬਕ ਦਿੱਤਾ ਹੈ। ਇਸ ਸੰਘਰਸ਼ ਨੇ ਨਾਉਮੀਦਗੀ ਵਿਚ ਉਮੀਦ ਜਗਾਉਂਦੇ ਹੋਏ ਇਹ ਸੁਨੇਹਾ ਦਿੱਤਾ ਹੈ ਕਿ ਕਿਰਤੀ ਸੰਘਰਸ਼ ਕਰਕੇ ਹੀ ਜਿੱਤ ਪ੍ਰਾਪਤ ਕਰਦੇ ਹੋਏ ਆਪਣੀ ਅਤੇ ਮੁਲਕ ਦੀ ਤਕਦੀਰ ਬਦਲ ਸਕਦੇ ਹਨ। ਕਿਸਾਨੀ ਸੰਘਰਸ਼ ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ ਵਾਲੀ ਕਹਾਵਤ ਦੀ ਮਹੱਤਤਾ ਦੱਸਦੇ ਹੋਏ ਮੁਲਕ ਦੇ ਆਰਥਕ ਅਤੇ ਰਾਜਸੀ ਪ੍ਰਬੰਧ ਨੂੰ ਦਰੁਸਤ ਕਰਨ ਲਈ ਜਾਗ ਲਾਉਣ ਦਾ ਕੰਮ ਕਰ ਰਿਹਾ ਹੈ। ਇਹ ਸੰਘਰਸ਼ ਸਾਫ਼ ਤੌਰ ਉੱਤੇ ਇਹ ਦਰਸਾਉਂਦਾ ਹੈ ਕਿ ਕਾਨੂੰਨ ਲੋਕਾਂ ਲਈ ਹੁੰਦੇ ਹਨ, ਨਾ ਕਿ ਲੋਕ ਕਾਨੂੰਨਾਂ ਲਈ ਅਤੇ ਲੋਕ ਹੀ ਸਰਕਾਰਾਂ ਬਣਾ ਸਕਦੇ ਹਨ, ਨਾ ਕਿ ਸਰਕਾਰਾਂ ਲੋਕ ਬਣਾ ਸਕਦੀਆਂ ਹਨ। ਖੇਤੀਬਾੜੀ ਕਾਨੂੰਨ ਰੱਦ ਹੋਣ ਤੋਂ ਬਾਅਦ ਕਿਸਾਨ ਪਹਿਲਾਂ ਵਾਲੀ ਉਸ ਥਾਂ ਉੱਪਰ ਪਹੁੰਚ ਜਾਣਗੇ, ਜਿਹੜੀ ਬਹੁਤ ਵਧੀਆ ਨਹੀਂ ਅਤੇ ਜਿਸ ਵਿਚ ਗਰੀਬੀ, ਕਰਜ਼ਾ, ਤੰਗੀਆਂ-ਤੁਰਸ਼ੀਆਂ, ਖ਼ੁਦਕੁਸ਼ੀਆਂ ਅਤੇ ਹੋਰ ਬਹੁਤ ਸਾਰੀਆਂ ਮੁਸੀਬਤਾਂ ਹਨ, ਪਰ ਇਨ੍ਹਾਂ ਮੁਸੀਬਤਾਂ ਨੂੰ ਖ਼ਤਮ ਕਰਨ ਲਈ ਹੋਰ ਸੰਘਰਸ਼ ਅਤੇ ਉਪਰਾਲੇ ਕਰਨੇ ਪੈਣਗੇ।

ਵਰਤਮਾਨ ਸਮੇਂ ਦੌਰਾਨ ਮੁਲਕ ਦੀਆਂ 500 ਦੇ ਕਰੀਬ ਕਿਸਾਨ ਜਥੇਬੰਦੀਆਂ ਅਤੇ ਹੋਰ ਵੱਖ-ਵੱਖ ਵਰਗਾਂ

ਦੀਆਂ ਜਥੇਬੰਦੀਆਂ ਅਤੇ ਮੁਲਕ ਦੇ ਸੂਝਵਾਨ ਲੋਕ ਇਸ ਸੰਘਰਸ਼ ਦੀ ਹਮਾਇਤ ਕਰਦੇ ਹੋਏ ਇਸ ਵਿਚ ਆਪਣਾ ਯੋਗਦਾਨ ਪਾ ਰਹੇ ਹਨ, ਪਰ ਸ਼ੁਰੂ ਵਿਚ ਇਸ ਸੰਘਰਸ਼ ਸੰਬੰਧੀ ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਦੀ ਆਪਸ ਵਿਚ ਸਹਿਮਤੀ ਬਣਨੀ ਬਹੁਤ ਹੀ ਮਹੱਤਤਾ ਰੱਖਦੀ ਹੈ, ਕਿਉਂਕਿ ਇਸ ਤੋਂ ਪਹਿਲਾਂ ਇਸ ਸੂਬੇ ਦੀਆਂ ਖੱਬੇ ਅਤੇ ਸੱਜੇਪੱਖੀ ਕਿਸਾਨ ਜਥੇਬੰਦੀਆਂ ਇਕ-ਦੂਜੇ ਵੱਲ ਪਿੱਠ ਕਰਕੇ ਖੜਦੀਆਂ ਹੀ ਨਹੀਂ ਸਨ, ਸਗੋਂ ਨੱਠਦੀਆਂ ਹੋਈਆਂ ਵਿਰੋਧੀ ਸੋਚ ਵਾਲੀਆਂ ਜਥੇਬੰਦੀਆਂ ਬਾਰੇ ਕਦੇ-ਕਦਾਈਂ ਮਾੜਾ ਵੀ ਬੋਲ ਜਾਂਦੀਆਂ ਸਨ। ਹੁਣ ਇਨ੍ਹਾਂ ਜੱਥੇਬੰਦੀਆਂ ਦੁਆਰਾ ਲੋਕਤੰਤਰਿਕ ਅਤੇ ਸ਼ਾਂਤਮਈ ਢੰਗ ਨਾਲ ਐਕਸ਼ਨ ਦੀ ਸਾਂਝ ਨੇ ਇਸ ਸੰਘਰਸ਼ ਨੂੰ ਮੁਲਕ ਦੇ ਬਹੁਤੇ ਸੂਬਿਆਂ ਤੱਕ ਪਹੁੰਚਾਉਂਦੇ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਦੀ ਹਮਦਰਦੀ ਅਤੇ ਸਹਿਯੋਗ ਲੈਂਦੇ ਹੋਏ ਕਿਸਾਨ ਸੰਘਰਸ਼ ਨੂੰ ਲੋਕ-ਸੰਘਰਸ਼ ਬਣਾ ਦਿੱਤਾ ਹੈ।

ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਵਿਚੋਂ ਸਿਰਫ਼ ਇਕ ਜਥੇਬੰਦੀ ਦੇ ਆਗੂ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਆਪਣੇ ਮੈਂਬਰਾਂ ਦੇ ਹਿੱਤਾਂ ਦੀ ਬਲੀ ਦੇਣ ਵੱਲ ਨੂੰ ਤੁਰੇ ਹੀ ਸਨ, ਪਰ ਇਸ ਜਥੇਬੰਦੀ ਦੇ ਆਗੂਆਂ ਨੂੰ ਮੂੰਹ ਦੀ ਖਾਣੀ ਪਈ, ਕਿਉਂਕਿ ਇਸ ਜਥੇਬੰਦੀ ਦੇ ਮੈਂਬਰਾਂ ਨੇ ਆਪਣੇ ਆਗੂਆਂ ਦੀ ਇਸ ਸੰਘਰਸ਼ ਵਿਰੋਧੀ ਚਾਲ ਦਾ ਵੱਡੇ ਪੱਧਰ ਉੱਪਰ ਸ਼ਰੇਆਮ ਵਿਰੋਧ ਕੀਤਾ। ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਜਿਣਸਾਂ ਦੇ ਮੰਡੀਕਰਨ ਲਈ ਨਿੱਜੀ ਮੰਡੀਆਂ ਨੂੰ ਹੋਂਦ ਵਿਚ ਲਿਆਉਣ, ਏ ਪੀ ਐੱਮ ਸੀ ਮੰਡੀਆਂ ਦਾ ਭੋਗ ਪਾਉਣ, ਇਕਰਾਰਨਾਮਿਆਂ ਦੀ ਖੇਤੀਬਾੜੀ ਦੁਆਰਾ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਐਲਾਨਣ ਅਤੇ ਉਨ੍ਹਾਂ ਉੱਪਰ ਖ਼ਰੀਦਦਾਰੀ ਕਰਨ ਤੋਂ ਭੱਜਣ ਦੇ ਸਿੱਧੇ ਅਤੇ ਸਾਫ਼ ਸੁਨੇਹੇ ਹਨ, ਜਿਨ੍ਹਾਂ ਨੂੰ ਆਮ ਕਿਸਾਨਾਂ ਨੇ ਬਹੁਤ ਹੀ ਆਸਾਨੀ ਨਾਲ਼ ਸਮਝ ਲਿਆ, ਭਾਵੇਂ ਸਰਕਾਰ ਦੁਆਰਾ ਇਨ੍ਹਾਂ ਕਾਨੂੰਨਾਂ ਨਾਲ ਕਿਸਾਨਾਂ ਦੀ ਆਮਦਨ ਨੂੰ 2022 ਤੱਕ ਦੁੱਗਣਾ ਕਰਨ ਸੰਬੰਧੀ ਪਰਚਾਰ ਅਤੇ ਇਨ੍ਹਾਂ ਕਾਨੂੰਨਾਂ ਦੀ ਭਾਸ਼ਾ ਵਿਚ ਵਰਤੇ ਗਏ ਸ਼ਬਦਾਂ ਦੀ ਚਲਾਕੀ ਰਾਹੀਂ ਵਾਰ-ਵਾਰ ਭੁਲੇਖਾ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਸੰਬੰਧੀ ਪ੍ਰਚਾਰ ਬਾਰੇ ਇਕ ਹੋਰ ਤੱਥ ਜਾਣਨਾ ਵੀ ਜ਼ਰੂਰੀ ਹੈ ਕਿ ਐੱਨ ਡੀ ਏ ਸਰਕਾਰ ਨੇ 2016 ਦੌਰਾਨ ਵੀ ਇਹ ਵਾਅਦਾ ਕੀਤਾ ਸੀ। ਖੇਤੀਬਾੜੀ ਨਾਲ ਸੰਬੰਧਤ ਤੀਜੇ ਕਾਨੂੰਨ ਰਾਹੀਂ ਕਿਸਾਨਾਂ ਅਤੇ ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਜ਼ਰੂਰੀ ਵਸਤਾਂ ਐਕਟ-1955 ਵਿਚ ਸੋਧ ਕਰਕੇ ਕੰਪਨੀਆਂ/ ਵਪਾਰੀਆਂ ਲਈ ਅਨਾਜਾਂ, ਦਾਲਾਂ, ਤੇਲ ਬੀਜਾਂ, ਆਲੂਆਂ, ਪਿਆਜ਼ਾਂ ਆਦਿ ਨੂੰ ਸਟੋਰ ਸਟਾਕ ਕਰਨ ਦੀ ਹੋਂਦ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਇਹ ਕਾਨੂੰਨ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਿਵੇਂ ਕਰੇਗਾ, ਇਸ ਦਾ ਇਸ ਕਾਨੂੰਨ ਵਿਚ ਉੱਕਾ ਹੀ ਜ਼ਿਕਰ ਨਹੀਂ, ਪਰ ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨੀ ਤਾਂ ਦੂਰ ਹੀ ਉਨ੍ਹਾਂ ਲਈ ਇਨ੍ਹਾਂ ਵਸਤਾਂ ਵਿਚੋਂ ਕੁਝ ਦੀਆਂ ਕੀਮਤਾਂ ਵਿਚ ਹੋਇਆ ਵਾਧਾ ਤਸਵੀਰ ਦਾ ਦੂਜਾ ਪਾਸਾ ਸਾਹਮਣੇ ਲਿਆਇਆ ਹੈ।

ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਦੇ ਨਾਲ-ਨਾਲ ਕਿਸਾਨ ਜਥੇਬੰਦੀਆਂ ਦੀ ਇਕ ਮੰਗ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਕਾਨੂੰਨੀ ਜਾਮਾ ਪਹਿਨਾਉਣ ਦੀ ਹੈ, ਜਿਸ ਲਈ ਕੇਂਦਰ ਸਰਕਾਰ ਨੇ ਸ਼ਰੇਆਮ ਜਵਾਬ ਦੇ ਦਿੱਤਾ ਹੈ। ਇਸ ਸੰਬੰਧ ਵਿਚ ਇਕ ਤੱਥ ਜਾਨਣਾ ਜ਼ਰੂਰੀ ਹੈ ਕਿ 2011 ਵਿਚ ਕੁਝ ਮੁੱਖ ਮੰਤਰੀਆਂ ਨੇ ਉਸ ਸਮੇਂ ਦੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਇਕ ਰਿਪੋਰਟ ਤਿਆਰ ਕਰਕੇ ਕੇਂਦਰ ਸਰਕਾਰ ਨੂੰ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਕਾਨੂੰਨੀ ਦਰਜਾ ਦੇਣ ਦੀ ਸਿਫ਼ਾਰਸ਼ ਕੀਤੀ ਸੀ।

ਐੱਨ ਡੀ ਏ ਦੀ ਹਕੂਮਤ ਮੌਕੇ ਕੇਂਦਰ ਸਰਕਾਰ ਵੱਲੋਂ ਬਣਾਈ ਗਈ ਸ਼ਾਂਤਾ ਕੁਮਾਰ ਕਮੇਟੀ ਨੇ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਅਤੇ ਐੱਫ ਸੀ ਆਈ ਦਾ ਭੋਗ ਪਾਉਣ ਦੀ ਸਿਫ਼ਾਰਸ਼ ਕਰਦੇ ਹੋਏ ਦਲੀਲ ਦਿੱਤੀ ਸੀ ਕਿ ਇਸ ਨੀਤੀ ਦਾ ਫ਼ਾਇਦਾ ਮੁਲਕ ਦੇ ਸਿਰਫ਼ 6 ਫ਼ੀਸਦੀ ਕਿਸਾਨਾਂ ਨੂੰ ਹੁੰਦਾ ਹੈ। ਦਰਬਾਰੀ ਅਰਥ ਵਿਗਿਆਨੀਆਂ ਨੇ ਆਪਣਾ ਰਾਗ ਅਲਾਪਦੇ ਹੋਏ ਪ੍ਰਚਾਰ ਕਰਨਾ ਸ਼ੁਰੂ ਕੀਤਾ ਹੋਇਆ ਹੈ ਕਿ ਮੁਲਕ ਦੇ ਸਿਰਫ਼ 10 ਫ਼ੀਸਦੀ ਕਿਸਾਨਾਂ ਨੂੰ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਬਾਰੇ ਪਤਾ ਹੈ ਅਤੇ ਇਨ੍ਹਾਂ ਕੀਮਤਾਂ ਦਾ ਫ਼ਾਇਦਾ ਸਿਰਫ਼ ਵੱਡੇ ਕਿਸਾਨਾਂ ਨੂੰ ਹੀ ਹੋ ਰਿਹਾ ਹੈ ਅਤੇ ਇਸ ਦੇ ਉਲਟ ਜਦੋਂ ਸ਼ਰਦ ਪਵਾਰ ਮੁਲਕ ਦੇ ਖੇਤੀਬਾੜੀ ਮੰਤਰੀ ਸਨ ਤਾਂ ਉਨ੍ਹਾਂ ਕਿਹਾ ਸੀ 71 ਫ਼ੀਸਦੀ ਕਿਸਾਨ ਇਨ੍ਹਾਂ ਕੀਮਤਾਂ ਬਾਰੇ ਜਾਣਦੇ ਹਨ। ਇਸ ਸੰਬੰਧ ਵਿਚ ਇਹ ਵੀ

ਜਾਣ ਲੈਣਾ ਬਣਦਾ ਹੈ ਕਿ ਭਾਵੇਂ ਕੇਂਦਰ ਸਰਕਾਰ ਇਨ੍ਹਾਂ ਕੀਮਤਾਂ ਉੱਪਰ ਖ਼ਰੀਦਦਾਰੀ ਕੁਝ ਕੁ ਖੇਤਰਾਂ ਵਿਚੋਂ ਹੀ ਕਰਦੀ ਹੈ, ਪਰ ਇਨ੍ਹਾਂ ਕੀਮਤਾਂ ਦੇ ਐਲਾਨਣ ਨਾਲ ਸੁਨੇਹਾ ਉਨ੍ਹਾਂ ਖੇਤਰਾਂ ਵਿਚ ਜਾਂਦਾ ਹੈ, ਜਿੱਥੇ ਕਿਸਾਨ ਆਪਣੀਆਂ ਜਿਣਸਾਂ ਵਪਾਰੀਆਂ ਨੂੰ ਵੇਚਦੇ ਹਨ, ਜਿਸ ਕਾਰਨ ਉਨ੍ਹਾਂ ਦੀ ਲੁੱਟ ਦੀ ਤੀਬਰਤਾ ਘਟ ਜਾਂਦੀ ਹੈ। ਜਿਹੜੇ ਖੇਤਰਾਂ ਵਿਚ ਇਨ੍ਹਾਂ ਕੀਮਤਾਂ ਉੱਪਰ ਖ਼ਰੀਦਦਾਰੀ ਹੁੰਦੀ ਹੈ, ਉੱਥੇ ਸੀਮਾਂਤ ਛੋਟੇ/ ਅਰਧ ਦਰਮਿਆਨੇ ਕਿਸਾਨ ਮੰਡੀਆਂ ਵਿਚ ਕੀਮਤਾਂ ਦੀ ਗਿਰਾਵਟ ਦੀ ਮਾਰ ਤੋਂ ਬਚ ਜਾਂਦੇ ਹਨ।

ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਐਲਾਨਣ ਅਤੇ ਉਨ੍ਹਾਂ ਉੱਤੇ ਕੁਝ ਖੇਤੀਬਾੜੀ ਜਿਣਸਾਂ ਖ਼ਰੀਦਣਾ 1964-65 ਤੋਂ ਸ਼ੁਰੂ ਹੋਇਆ। ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਕਾਰਨ 1965-69 ਦੇ 5 ਸਾਲਾਂ ਦੌਰਾਨ "ਖੇਤੀਬਾੜੀ ਕੀਮਤਾਂ ਕਮਿਸ਼ਨ ਦੀਆਂ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸੰਬੰਧੀ ਸਿਫ਼ਾਰਸ਼ਾਂ ਕਿਸਾਨਾਂ ਦੇ ਹੱਕ ਵਿਚ ਸਨ, ਪਰ 1970 ਤੋਂ ਅੱਜ ਤੱਕ ਇਹ ਸਿਫ਼ਾਰਸ਼ਾਂ ਕਿਸਾਨਾਂ ਦੇ ਵਿਰੁੱਧ ਰਹੀਆਂ। ਖੇਤੀਬਾੜੀ ਕੀਮਤਾਂ ਕਮਿਸ਼ਨ ਦੀਆਂ ਕਿਸਾਨ-ਵਿਰੋਧੀ ਸਿਫ਼ਾਰਸ਼ਾਂ ਕਾਰਨ ਉਪਜੀ ਨੁਕਤਾਚੀਨੀ ਅਤੇ ਵਿਰੋਧ ਉੱਪਰ ਕਾਬੂ ਪਾਉਣ ਲਈ ਇਸ ਕਮਿਸ਼ਨ ਦਾ ਨਾਂਅ ਬਦਲ ਕੇ "ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਇਹ ਕਮਿਸ਼ਨ ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਉਨ੍ਹਾਂ ਦਾ ਆਧਾਰ ਬਣਾਉਂਦਾ ਹੋਵੇ, ਪਰ ਇਹ ਭੁਲੇਖਾ ਪਾਉਣ ਵਾਲਾ ਹੀ ਸਾਬਤ ਹੋਇਆ।

ਕਿਸਾਨ ਸੰਘਰਸ਼ ਦਾ ਇਕ ਮੁੱਖ ਮੁੱਦਾ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਅਤੇ ਉਨ੍ਹਾਂ ਉੱਪਰ ਸਰਕਾਰ ਵੱਲੋਂ ਖ਼ਰੀਦਦਾਰੀ ਕਰਨ ਦਾ ਰਿਹਾ ਹੈ। ਯੂ.ਪੀ.ਏ. ਦੀ ਹਕੂਮਤ ਤੋਂ ਲੈ ਕੇ ਹੁਣ ਤੱਕ ਦੀ ਐੱਨ.ਡੀ.ਏ ਸਰਕਾਰ ਸਵਾਮੀਨਾਥਨ ਕਮਿਸ਼ਨ ਦੀ ਇਕ ਸਿਫ਼ਾਰਸ਼ ਅਨੁਸਾਰ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਤੋਂ ਭੱਜਦੀਆਂ ਆਈਆਂ ਹਨ। 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਇਸ ਸਿਫ਼ਾਰਸ਼ ਅਨੁਸਾਰ ਸੀ-2+50 ਫ਼ੀਸਦੀ ਨਫ਼ਾ ਦੇਣ ਵਾਲੀ ਸਵਾਮੀਨਾਥਨ ਕਮਿਸ਼ਨ ਦੀ ਸਿਫ਼ਾਰਸ਼ ਨੂੰ ਅਮਲ ਵਿਚ ਲਿਆਉਣ ਦਾ ਵਾਅਦਾ ਤਾਂ ਕੀਤਾ ਸੀ, ਪਰ ਬਾਅਦ ਵਿਚ ਸੁਪਰੀਮ ਕੋਰਟ ਵਿਚ ਇਕ ਹਲਫ਼ਨਾਮਾ ਦਾਖ਼ਲ ਕਰਕੇ ਅਜਿਹਾ ਕਰਨ ਵਿਚ ਆਪਣੀ ਅਸਮਰੱਥਾ ਦਿਖਾਉਂਦੇ ਹੋਏ ਕਿਹਾ ਸੀ ਕਿ ਅਜਿਹਾ ਕਰਨ ਨਾਲ ਮੰਡੀ ਲੜਖੜਾ ਜਾਵੇਗੀ। ਐੱਨ.ਡੀ.ਏ ਦੀ ਹਕੂਮਤ ਦੁਆਰਾ ਇਸ ਸਿਫ਼ਾਰਸ਼ ਨੂੰ ਅਮਲ ਵਿਚ ਲਿਆਉਣ ਦਾ ਦਾਅਵਾ ਕਰ ਦਿੱਤਾ ਗਿਆ, ਜਿਹੜਾ ਕਿਸੇ ਵੀ ਤਰ੍ਹਾਂ ਠੀਕ ਨਹੀਂ, ਕਿਉਂਕਿ ਉਤਪਾਦਨ ਲਾਗਤਾਂ ਨੂੰ ਸੀ-2 ਅਨੁਸਾਰ ਨਾ ਗਿਣ ਕੇ ਅਜਿਹਾ ਦਾਅਵਾ ਕੀਤਾ ਗਿਆ। ਜੇਕਰ ਕੇਂਦਰ ਸਰਕਾਰ ਸਵਾਮੀਨਾਥਨ ਕਮਿਸ਼ਨ ਅਨੁਸਾਰ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਵੀ ਕਰ ਦਿੰਦੀ ਹੈ ਤਾਂ ਹੁਣ ਵਾਲੀ ਘਾਟੇ ਵਾਲੀ ਖੇਤੀਬਾੜੀ ਨਫ਼ੇ ਵਾਲੀ ਹੋ ਜਾਵੇਗੀ, ਪਰ ਮੁਲਕ ਵਿਚ 86 ਫ਼ੀਸਦੀ ਤੋਂ ਵੱਧ ਸੀਮਾਂਤ ਅਤੇ ਛੋਟੇ ਕਿਸਾਨ ਹੋਣ ਕਾਰਨ ਉਨ੍ਹਾਂ ਦੀ ਆਮਦਨ ਉਨ੍ਹਾਂ ਦੀਆਂ ਮੁਢਲੀਆਂ ਲੋੜਾਂ ਨੂੰ ਪੂਰਾ ਕਰਨ ਦੇ ਸਮਰੱਥ ਨਹੀਂ ਹੋਵੇਗੀ। ਖੇਤੀਬਾੜੀ ਆਰਥਿਕਤਾ ਦੀ ਪੌੜੀ ਦੇ ਥੱਲੇ ਵਾਲੇ ਡੰਡਿਆਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ, ਜਿਹੜੇ ਘਸਦੇ ਵੀ ਜ਼ਿਆਦਾ ਹਨ, ਟੁੱਟਦੇ ਵੀ ਜ਼ਿਆਦਾ ਹਨ ਅਤੇ ਜਿਨ੍ਹਾਂ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ, ਨੂੰ ਇਨ੍ਹਾਂ ਕੀਮਤਾਂ ਦਾ ਕੋਈ ਵੀ ਫ਼ਾਇਦਾ ਹੋ ਹੀ ਨਹੀਂ ਸਕਦਾ, ਕਿਉਂਕਿ ਇਨ੍ਹਾਂ ਦੋਵਾਂ ਵਰਗਾਂ ਕੋਲ ਆਪਣੀ ਕਿਰਤ ਨੂੰ ਵੇਚਣ ਤੋਂ ਸਵਾਇ ਉਤਪਾਦਨ ਦਾ ਹੋਰ ਕੋਈ ਵੀ ਸਾਧਨ ਨਹੀਂ। ਇਸ ਲਈ ਲੋੜ ਹੈ ਕਿ ਸਰਕਾਰ ਖੇਤੀਬਾੜੀ ਨੀਤੀਆਂ ਵਿਚ ਲੋੜੀਂਦੀਆਂ ਤਬਦੀਲੀਆਂ ਕਰਕੇ ਖੇਤੀਬਾੜੀ ਖੇਤਰ ਉੱਪਰ ਨਿਰਭਰ ਸਾਰੇ ਵਰਗਾਂ ਦੀ ਆਮਦਨ ਦਾ ਇਕ ਘੱਟ-ਘੱਟ ਪੱਧਰ ਯਕੀਨੀ ਬਣਾਵੇ, ਜਿਸ ਨਾਲ ਉਹ ਆਪਣੀਆਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਕ ਸੁਰੱਖਿਆ ਦੀਆਂ ਬੁਨਿਆਦੀ ਲੋੜਾਂ ਸਤਿਕਾਰਯੋਗ ਢੰਗ ਨਾਲ ਪੂਰੀਆਂ ਕਰ ਸਕਣ।

ਕੇਂਦਰ ਸਰਕਾਰ ਨੇ ਖੇਤੀਬਾੜੀ ਨਾਲ ਸੰਬੰਧਤ ਤਿੰਨ ਕਾਨੂੰਨ ਬਣਾ ਕੇ ਮੁਲਕ ਦੇ ਪਹਿਲਾਂ ਤੋਂ ਕਮਜ਼ੋਰ ਕੀਤੇ ਜਾਂਦੇ ਸੰਘੀ ਢਾਂਚੇ ਦੀ ਸੰਘੀ ਘੁੱਟੀ ਹੈ। ਭਾਰਤ ਦੇ ਸੰਵਿਧਾਨ ਅਨੁਸਾਰ ਖੇਤੀਬਾੜੀ ਅਤੇ ਖੇਤੀਬਾੜੀ ਜਿਣਸਾਂ ਦਾ ਮੰਡੀਕਰਨ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਇਹ ਕਾਨੂੰਨ ਬਣਾਉਣ ਮੌਕੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਖੇਤੀਬਾੜੀ ਖੇਤਰ ਉੱਪਰ

ਨਿਰਭਰ ਹੋਰ ਕਿਰਤੀਆਂ ਦੀਆਂ ਜਥੇਬੰਦੀਆਂ ਅਤੇ ਸੂਬਾ ਸਰਕਾਰਾਂ ਨਾਲ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਦੀ ਪੂਰੀ ਅਣਦੇਖੀ ਕੀਤੀ ਗਈ ਹੈ। ਮੁਲਕ ਦੀਆਂ ਕਿਸਾਨ ਜਥੇਬੰਦੀਆਂ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਆਪਣੀ ਅਵਾਜ਼ ਬੁਲੰਦ ਕਰ ਰਹੀਆਂ ਹਨ। 9 ਦਸੰਬਰ ਨੂੰ ਕੇਂਦਰੀ ਖੇਤੀਬਾੜੀ ਮੰਤਰੀ ਵੱਲੋਂ ਬਲਾਈ ਪ੍ਰੈੱਸ ਕਾਨਫਰੰਸ ਵਿਚ ਖੇਤੀਬਾੜੀ ਕਾਨੂੰਨਾਂ ਨੂੰ ਗ਼ੈਰ-ਸੰਵਿਧਾਨਕ ਕਹੇ ਜਾਣ ਦੇ ਸੰਬੰਧ ਵਿਚ ਉਨ੍ਹਾਂ ਦਾ ਜਵਾਬ ਸੀ ਕਿ ਕੇਂਦਰ ਸਰਕਾਰ ਨੇ ਵਣਜ ਅਤੇ ਵਪਾਰ ਦੇ ਸੰਬੰਧ ਵਿਚ ਆਪਣੇ ਖੇਤਰ ਵਿਚ ਰਹਿ ਕੇ ਹੀ ਕਾਨੂੰਨ ਬਣਾਏ ਹਨ, ਜਿਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਭਲੇ ਲਈ ਨਾ ਹੋ ਕੇ ਵਣਜ ਅਤੇ ਵਪਾਰ ਦੇ ਰਾਹ ਦੀਆਂ ਰੁਕਾਵਟਾਂ ਦੂਰ ਕਰਨ ਲਈ ਬਣਾਏ ਗਏ ਹਨ। ਮੁਲਕ ਵਿਚ ਭੂਗੋਲਿਕ, ਆਰਥਿਕ, ਸਮਾਜਕ-ਸੱਭਿਆਚਾਰਕ, ਰਾਜਸੀ ਅਤੇ ਹੋਰ ਵਖਰੇਵਿਆਂ ਨੂੰ ਦੇਖਦੇ ਮੁਲਕ ਦੇ ਸੰਘੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ, ਤਾਂ ਕਿ ਸੂਬੇ ਆਪਣੀਆਂ ਲੋੜਾਂ ਅਨੁਸਾਰ ਆਪਣਾ ਵਿਕਾਸ ਕਰਦੇ ਹੋਏ ਮੁਲਕ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾ ਸਕਣ।

ਕਿਸਾਨ ਸੰਘਰਸ਼ ਦੁਆਰਾ ਉਠਾਇਆ ਗਿਆ ਇਕ ਅਹਿਮ ਮੁੱਦਾ ਆਰਥਿਕ ਵਿਕਾਸ ਮਾਡਲ ਦਾ ਹੈ। ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ 1950 ਵਿਚ ਯੋਜਨਾ ਕਮਿਸ਼ਨ ਬਣਾਇਆ ਗਿਆ ਅਤੇ 1951 ਤੋਂ ਪੰਜ ਸਾਲਾ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ। ਇਨ੍ਹਾਂ ਯੋਜਨਾਵਾਂ ਦੁਆਰਾ ਮਿਸ਼ਰਤ ਅਰਥ-ਵਿਵਸਥਾ ਹੋਂਦ ਵਿਚ ਆਈ। 1951-80 ਤੱਕ ਦੇ ਸਮੇਂ ਨੂੰ ਯੋਜਨਾਬੰਦੀ ਦਾ ਸਮਾਂ ਮੰਨਿਆ ਗਿਆ ਹੈ ਅਤੇ ਇਸ ਸਮੇਂ ਦੌਰਾਨ ਜਨਤਕ ਖੇਤਰ ਦਾ ਪਸਾਰਾ ਹੋਇਆ ਅਤੇ ਨਿੱਜੀ ਖੇਤਰ ਦੇ ਕੰਮਕਾਜ ਉੱਪਰ ਸਰਕਾਰ ਨੇ ਨਿਗਰਾਨੀ ਰੱਖੀ। ਇਸ ਯੋਜਨਾਬੰਦੀ ਸਮੇਂ ਦੀਆਂ ਕੁਝ ਊਣਤਾਈਆਂ ਦੇ ਬਾਵਜੂਦ ਮੁਲਕ ਵਿਚ ਰੁਜ਼ਗਾਰ ਵਧਿਆ ਅਤੇ ਆਰਥਕ ਅਸਮਾਨਤਾਵਾਂ ਵਿਚ ਕਮੀ ਆਈ। 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੇਅਰ ਵਿਚ ਪਾ ਦਿੱਤਾ ਗਿਆ ਅਤੇ ਐੱਨ.ਡੀ.ਏ. ਹਕੂਮਤ ਨੇ ਤਾਂ ਇਸ ਦਾ ਭੋਗ ਹੀ ਪਾ ਦਿੱਤਾ ਹੈ। 1991 ਤੋਂ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਨਵੀਂਆਂ ਆਰਥਕ ਨੀਤੀਆਂ ਅਪਣਾਉਣ ਕਾਰਨ ਕਿਰਤੀ ਵਰਗਾਂ ਨੂੰ ਅਕਹਿ ਅਤੇ ਅਸਹਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁਲਕ ਦੇ ਅੱਤ ਦੇ ਅਮੀਰ 1 ਫ਼ੀਸਦੀ ਲੋਕਾਂ ਅਤੇ ਬਾਕੀ 99 ਫ਼ੀਸਦੀ ਲੋਕਾਂ ਵਿਚਕਾਰ ਆਰਥਕ ਅਸਮਾਨਤਾਵਾਂ ਵਧ ਰਹੀਆਂ ਹਨ। 1951 ਵਿਚ ਮੁਲਕ ਦੀ 82 ਫ਼ੀਸਦੀ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਸੀ ਅਤੇ ਇਸ ਆਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ 55 ਫ਼ੀਸਦੀ ਹਿੱਸਾ ਦਿੱਤਾ ਗਿਆ। ਵਰਤਮਾਨ ਸਮੇਂ ਦੌਰਾਨ ਮੁਲਕ ਦੀ ਖੇਤੀਬਾੜੀ ਖੇਤਰ ਉੱਪਰ ਨਿਰਭਰ 50 ਫ਼ੀਸਦੀ ਦੇ ਕਰੀਬ ਆਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ ਸਿਰਫ਼ 16 ਫ਼ੀਸਦੀ ਹਿੱਸਾ ਹੀ ਦਿੱਤਾ ਜਾ ਰਿਹਾ ਹੈ, ਜਿਹੜਾ ਦਿਨੋਂ-ਦਿਨ ਘਟਦਾ ਜਾ ਰਿਹਾ ਹੈ। ਓ ਈ ਸੀ.ਡੀ. ਅਤੇ ਆਈ.ਸੀ.ਆਰ.ਆਈ.ਈ.ਆਰ. ਦੇ ਇਕ ਖੋਜ ਅਧਿਐਨ ਅਨੁਸਾਰ 2000-01 ਤੋਂ 2016-17 ਦੇ ਅਰਸੇ ਦੌਰਾਨ ਭਾਰਤ ਦੇ ਕਿਸਾਨਾਂ ਉਪਰ 45 ਲੱਖ ਕਰੋੜ ਰੁਪਏ ਦੇ ਲੁਪਤ ਕਰ ਲਗਾਏ ਗਏ ਜਿਹੜੇ ਪ੍ਰਤਿ ਸਾਲ 2 ਲੱਖ 65 ਹਜ਼ਾਰ ਕਰੋੜ ਰੁਪਏ ਬਣਦੇ ਹਨ। ਇਸ ਅਧਿਐਨ ਅਨੁਸਾਰ ਜਿਹੜੇ 52 ਮੁਲਕਾਂ ਲਈ ਇਹ ਅਧਿਐਨ ਕੀਤਾ ਗਿਆ ਉਨ੍ਹਾਂ ਵਿਚੋਂ ਭਾਰਤ ਵਿੱਚ ਕਿਸਾਨਾਂ ਉੱਪਰ ਸਭ ਤੋਂ ਵੱਧ ਕਰ ਲਗਾਏ ਗਏ। ਕਾਰਪੋਰੇਟ ਆਰਥਿਕ ਵਿਕਾਸ ਮਾਡਲ ਅਪਣਾਉਣ ਦੇ ਨਤੀਜੇ ਵਜੋਂ ਮੁਲਕ ਵਿਚ ਰੁਜ਼ਗਾਰ ਦੇ ਮੌਕੇ ਘਟਣ ਅਤੇ ਪ੍ਰਾਪਤ ਰੁਜ਼ਗਾਰ ਦੇ ਮਿਆਰ ਦੇ ਬਹੁਤ ਨੀਵਾਂ ਹੋਣ ਕਾਰਨ ਸਾਡੇ ਨੌਜਵਾਨ ਬੱਚੇ ਵੱਡੀ ਗਿਣਤੀ ਵਿਚ ਬਾਹਰਲੇ ਮੁਲਕਾਂ ਨੂੰ ਪ੍ਰਵਾਸ ਕਰ ਰਹੇ ਹਨ। ਨੌਜਵਾਨ ਬੱਚਿਆਂ ਦਾ ਇਹ ਪ੍ਰਵਾਸ ਬੌਧਿਕ ਅਤੇ ਪੂੰਜੀ ਦੇ ਖੱਪੇ ਅਤੇ ਨੌਜਵਾਨ ਬੱਚਿਆਂ ਦੀ ਕਾਰਕੁਸ਼ਲਤਾ ਦੇ ਪੱਖ ਸੰਬੰਧੀ ਘਾਟੇ ਵਾਲਾ ਹੈ। ਉਪਰੋਕਤ ਸਾਰੇ ਤੱਥ ਅੱਤ ਦੇ ਅਮੀਰ ਬੰਦਿਆਂ ਨੂੰ ਦਿੱਤੇ ਜਾਂਦੇ ਫਜ਼ੂਲ ਗੱਫ਼ਿਆਂ ਨੂੰ ਨੰਗਾ ਕਰਦੇ ਹੋਏ ਲੋਕ-ਪੱਖੀ ਆਰਥਿਕ ਮਾਡਲ ਨੂੰ ਅਪਣਾਉਣ ਦੀ ਪੁਰਜ਼ੋਰ ਵਕਾਲਤ ਕਰਦੇ ਹਨ।

ਕਿਸਾਨ ਸੰਘਰਸ਼ ਦੀ ਕਾਮਯਾਬੀ ਵਿਚ ਵੱਖ-ਵੱਖ ਵਰਗਾਂ ਜਿਵੇਂ ਖੇਤ-ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ, ਨੌਜਵਾਨਾਂ, ਔਰਤਾਂ, ਛੋਟੇ ਵਪਾਰੀਆਂ, ਮੁਲਾਜ਼ਮਾਂ ਅਤੇ ਹੋਰ ਕਿਰਤੀਆਂ ਦੀਆਂ ਜਥੇਬੰਦੀਆਂ ਦਾ ਯੋਗਦਾਨ ਸ਼ਲਾਘਾਯੋਗ ਹੈ। ਆਉਣ ਵਾਲੇ ਸਮੇਂ ਦੌਰਾਨ ਕਿਸਾਨ ਜਥੇਬੰਦੀਆਂ ਦਾ ਫਰਜ਼ ਬਣਦਾ ਹੈ ਕਿ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨਾਲ ਕੀਤੇ ਜਾਂਦੇ ਵਿਤਕਰਿਆਂ/ ਧੱਕਿਆਂ ਨੂੰ

ਨਕੇਲ ਪਾਉਣ। ਪਿੰਡਾਂ ਵਿਚ ਪੰਚਾਇਤੀ ਜ਼ਮੀਨਾਂ ਵਿਚੋਂ ਦਲਿਤਾਂ ਦੇ ਬਣਦੇ ਤੀਜੇ ਹਿੱਸੇ ਦੇ ਹੱਕ ਨੂੰ ਮਾਰਨ ਦੀ ਬਜਾਇ ਖਿੜੇ ਮੱਥੇ ਪ੍ਰਵਾਨ ਕਰਦੇ ਹੋਏ ਉਨ੍ਹਾਂ ਦੀ ਹਰ ਲੋੜੀਂਦੀ ਮਦਦ ਵੀ ਕਰਨ। ਹੋਰ ਵੱਖ-ਵੱਖ ਜਥੇਬੰਦੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਹਾਅ ਦਾ ਨਾਅਰਾ ਮਾਰਨ ਦੇ ਨਾਲ-ਨਾਲ ਆਪਣਾ ਬਣਦਾ ਯੋਗਦਾਨ ਪਾਉਣ ਲਈ ਕਿਸਾਨ ਜਥੇਬੰਦੀਆਂ ਤੇਜ਼ੀ ਨਾਲ ਅੱਗੇ ਆਉਣ।

ਕਿਸਾਨ ਸੰਘਰਸ਼ ਤੋਂ ਇਕ ਹੋਰ ਪੱਖ ਇਹ ਵੀ ਸਾਹਮਣੇ ਆਇਆ ਹੈ ਕਿ ਖੇਤੀਬਾੜੀ ਨਾਲ ਸੰਬੰਧਤ ਗ਼ਰੀਬ ਅਤੇ ਸਾਧਨ-ਵਿਹੂਣੇ ਕਿਰਤੀਆਂ ਦੇ ਹੱਕ ਵਿਚ ਜ਼ਮੀਨੀ ਸੁਧਾਰ ਇਮਾਨਦਾਰੀ ਨਾਲ ਕੀਤੇ ਜਾਣ। ਜ਼ਮੀਨ ਦੀ ਹੱਦਬੰਦੀ ਦੇ ਨਤੀਜੇ ਵਜੋਂ ਵਾਧੂ ਜ਼ਮੀਨ ਨੂੰ ਇਨ੍ਹਾਂ ਵਰਗਾਂ ਵਿਚ ਵੰਡਿਆ ਜਾਵੇ, ਪੰਚਾਇਤੀ ਜ਼ਮੀਨਾਂ ਵਿਚੋਂ ਇਨ੍ਹਾਂ ਦਾ ਬਣਦਾ ਹਿੱਸਾ ਅਤੇ ਹੋਰ ਧਾਰਮਿਕ ਅਦਾਰਿਆਂ ਦੀ ਜ਼ਮੀਨ ਵੀ ਇਨ੍ਹਾਂ ਵਰਗਾਂ ਨੂੰ ਦਿੱਤੀ ਜਾਵੇ, ਕਿਉਂਕਿ ਸਿੱਖ ਧਰਮ ਸਿਖਾਉਂਦਾ ਹੈ ਗਰੀਬ ਦਾ ਮੂੰਹ, ਗੁਰੂ ਦੀ ਗੋਲਕ। ਅਜਿਹਾ ਕਰਨ ਨਾਲ ਉਤਪਾਦਕਤਾ, ਉਤਪਾਦਨ, ਰੁਜ਼ਗਾਰ ਅਤੇ ਆਮਦਨ ਵਿਚ ਯਕੀਨਨ ਵਾਧਾ ਹੋਵੇਗਾ ਅਤੇ ਇਸ ਨਾਲ ਸਮਾਜਕ ਕੁੜੱਤਣਾਂ ਵਿਚ ਵੀ ਕਮੀ ਆਵੇਗੀ। ਪੰਜਾਬ ਦੇ ਦਲਿਤ ਕਿਰਤੀਆਂ ਅਤੇ ਕੇਰਲਾ ਦੀਆਂ ਭੂਮੀਹੀਣ ਔਰਤਾਂ ਨੇ ਸਹਿਕਾਰੀ ਖੇਤੀਬਾੜੀ ਕਰਕੇ ਇਕ ਨਵਾਂ ਖੇਤੀਬਾੜੀ ਮਾਡਲ ਬਣਾਉਣ ਦਾ ਰਾਹ ਦਿਖਾਇਆ ਹੈ, ਜੋ ਕਿਸਾਨਾਂ, ਖ਼ਾਸ ਕਰਕੇ ਸੀਮਾਂਤ ਅਤੇ ਛੋਟੇ ਕਿਸਾਨਾਂ ਦੀਆਂ ਬਹੁਤ ਸਾਰੀਆਂ ਆਰਥਕ-ਸਮਾਜਕ ਸਮੱਸਿਆਵਾਂ ਨੂੰ ਘਟਾਉਣ ਵਿਚ ਸਹਾਈ ਹੋਵੇਗਾ। ਮਸ਼ੀਨਰੀ ਅਤੇ ਵਿੱਤੀ ਲੋੜਾਂ ਨੂੰ ਪੂਰਾ ਕਰਨ ਲਈ ਸਹਿਕਾਰਤਾ ਆਪਣਾ ਯੋਗਦਾਨ ਤਾਂ ਪਾਵੇਗੀ ਹੀ, ਇਸ ਤੋਂ ਬਿਨਾਂ ਖੇਤੀਬਾੜੀ ਜਿਣਸਾਂ ਦੀ ਪ੍ਰੋਸੈਸਿੰਗ ਕਰਨ ਲਈ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਸਹਿਕਾਰੀ ਮਾਲਕੀ ਵਾਲੀਆਂ ਛੋਟੀਆਂ ਉਦਯੋਗਿਕ ਇਕਾਈਆਂ ਸਥਾਪਤ ਕਰਨਾ ਇਨ੍ਹਾਂ ਵਰਗਾਂ ਨੂੰ ਮੁੱਲ-ਵਾਧੇ ਦਾ ਫ਼ਾਇਦਾ ਦੇਣ ਤੋਂ ਇਨ੍ਹਾਂ ਦੇ ਰੁਜ਼ਗਾਰ ਅਤੇ ਆਮਦਨ ਵਿਚ ਵਾਧਾ ਕਰਦੇ ਹੋਏ ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਵਿਚ ਵੀ ਸਹਾਈ ਹੋਵੇਗਾ।

ਮੁਲਕ ਦਾ ਕਿਸਾਨ ਸੰਘਰਸ਼ ਇਹ ਸੁਨੇਹਾ ਦੇਣ ਵਿਚ ਵੀ ਕਾਮਯਾਬ ਰਿਹਾ ਹੈ ਕਿ ਕਿਰਤੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਰਾਜਸੀ ਅਤੇ ਬੌਧਿਕ ਪ੍ਰਦੂਸ਼ਣ 'ਤੇ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ। ਮੁਲਕ ਦੇ ਆਜ਼ਾਦ ਹੋਣ ਤੋਂ ਵਰਤਮਾਨ ਸਮੇਂ ਤੱਕ ਵੱਖ-ਵੱਖ ਰਾਜਸੀ ਪਾਰਟੀਆਂ ਆਪਣੀ ਹਕੂਮਤ ਕਾਇਮ ਕਰਨ ਲਈ ਲੋਕਾਂ ਨਾਲ ਵਾਅਦੇ-ਦਾਅਵੇ ਅਤੇ ਨਵੇਂ ਵਾਅਦੇ ਕਰਦੀਆਂ ਆ ਰਹੀਆਂ ਹਨ। ਕਿਸਾਨਾਂ ਦੀਆਂ ਇਕ ਵਿਅਕਤੀ ਦੀ ਅਗਵਾਈ ਵਾਲੀਆਂ ਜਥੇਬੰਦੀਆਂ ਵਿਚ ਅਗਵਾਈ ਕਰਨ ਵਾਲੇ ਸੱਜਣ ਦੁਆਰਾ ਆਪਣੀਆਂ ਨਿੱਜੀ ਲੋੜਾਂ/ ਖ਼ਾਹਸ਼ਾਂ ਨੂੰ ਪੂਰਾ ਕਰਨ ਲਈ ਆਪਣੇ ਮੈਂਬਰਾਂ ਦੇ ਹਿੱਤਾਂ ਨੂੰ ਵੇਚਣ ਦੀਆਂ ਉਦਾਹਰਣਾਂ ਸਾਹਮਣੇ ਆਈਆਂ ਹਨ। ਇਸ ਲਈ ਇਹ ਜਥੇਬੰਦੀਆਂ ਸਮੂਹਿਕ ਅਗਵਾਈ ਵਾਲੀਆਂ ਹੋਣੀਆਂ ਜ਼ਰੂਰੀ ਹਨ, ਜੋ ਆਪਣੀਆਂ ਸਮੱਸਿਆਵਾਂ ਨੂੰ ਰਲ-ਮਿਲ ਕੇ ਵਿਚਾਰਨ ਅਤੇ ਮੀਡੀਆਂ ਰਾਹੀਂ ਇਨ੍ਹਾਂ ਨੂੰ ਸਮਾਜ ਅਤੇ ਸਰਕਾਰ ਤੱਕ ਲਿਜਾ ਕੇ ਉਨ੍ਹਾਂ ਦਾ ਹੱਲ ਕਰਵਾਉਣ। ਅਜਿਹਾ ਕਰਨ ਲਈ ਰਾਜਸੀ ਪ੍ਰਦੂਸ਼ਣ ਉੱਪਰ ਕਾਬੂ ਪਾਉਣ ਤੋਂ ਬਿਨਾਂ 'ਬੌਧਿਕ ਪ੍ਰਦੂਸ਼ਣ' ਉੱਪਰ ਵੀ ਕਾਬੂ ਪਾਉਣਾ ਅਤਿ ਜ਼ਰੂਰੀ ਹੈ। ਕੁਝ ਤੇਜ਼ ਦਿਮਾਗ ਵਿਅਕਤੀ ਆਪਣੇ ਆਪ ਜਾਂ ਆਪਣੇ ਚੇਲਿਆਂ ਰਾਹੀਂ ਆਪਣੇ ਆਪ ਬਾਰੇ ਬੁੱਧੀਜੀਵੀ ਹੋਣ ਦਾ ਰੌਲਾ ਪਾਉਂਦੇ ਮਿਲ ਜਾਂਦੇ ਹਨ, ਅਜਿਹੇ ਵਿਅਕਤੀ ਸੰਘਰਸ਼ ਕਰ ਰਹੇ ਲੋਕਾਂ ਵਿਚ ਆ ਕੇ ਉਨ੍ਹਾਂ ਨੂੰ ਸਲਾਹਾਂ ਦਿੰਦੇ ਹੋਏ ਉਨ੍ਹਾਂ ਤੋਂ ਅਹਿਮ ਜਾਣਕਾਰੀ ਪ੍ਰਾਪਤ ਕਰਕੇ ਹੁਕਮਰਾਨਾਂ ਕੋਲ ਪੇਸ਼ ਹੋ ਕੇ ਸੰਘਰਸ਼ ਨੂੰ ਕੁਚਲਣ ਦੀਆਂ ਵਿਧੀਆਂ ਸੁਝਾਉਣ ਵਿੱਚ ਆਪਣਾ ਪੂਰਾ ਜ਼ੋਰ ਲਗਾ ਦਿੰਦੇ ਹਨ। ਅਜਿਹੇ ਵਿਅਕਤੀਆਂ ਨੂੰ ਆਠਾ-ਪੱਟੀ/ ਸਰਕਾਰੀ/ ਦਰਬਾਰੀ/ ਦੁਗਾੜੀ/ ਗੜਵਈ/ ਪਾਲਤੂ ਚਿਲਮਚੀ/ ਝਾੜੂਬਰਦਾਰ ਵਿਅਕਤੀ ਕਿਹਾ ਜਾਂਦਾ, ਜੋ ਬੌਧਿਕ ਪ੍ਰਦੂਸ਼ਣ ਫੈਲਾਉਂਦੇ ਹਨ। ਅਜਿਹੇ ਵਿਅਕਤੀਆਂ ਦੀਆਂ ਅਮਰਵੇਲ ਵਰਗੀਆਂ ਕਰਤੂਤਾਂ ਨੂੰ ਨੰਗਾ ਕਰਨਾ ਅਤੇ ਰੌਸ਼ਨ ਦਿਮਾਗ ਵਿਅਕਤੀਆਂ ਨਾਲ ਸਲਾਹ-ਮਸ਼ਵਰਾ ਕਰਨਾ ਕਿਰਤੀ ਵਰਗਾਂ ਦੇ ਸੰਘਰਸ਼ਾਂ ਦੀ ਕਾਮਯਾਬੀ ਵਿਚ ਯੋਗਦਾਨ ਪਾ ਸਕਦਾ ਹੈ।

........................................................

# ਕਿਸਾਨੀ ਮਸਲਿਆਂ ਦਾ ਸਦੀਵੀ ਹੱਲ ਕਿਵੇਂ ਹੋਵੇ?

– ਡਾ.ਵਰਿੰਦਰਪਾਲ ਸਿੰਘ

ਅਜੋਕੇ ਭਾਰਤੀ ਕਿਸਾਨ ਸੰਘਰਸ਼ ਨੇ ਦੁਨੀਆਂ ਦੇ ਇਤਿਹਾਸ ਵਿੱਚ ਵਿਲੱਖਣ ਤਵਾਰੀਖ ਲਿਖ ਦਿੱਤੀ ਹੈ। ਸਰਕਾਰ ਜਿੰਨੇ ਜ਼ੋਰ ਨਾਲ ਇਸ ਸੰਘਰਸ਼ ਨੂੰ ਕੁਚਲਣ ਦਾ ਯਤਨ ਕਰ ਰਹੀ ਹੈ, ਇਸ ਸੰਘਰਸ਼ ਦੀ ਪਕੜ ਉਸ ਤੋਂ ਵੀ ਜ਼ਿਆਦਾ ਮਜ਼ਬੂਤ ਹੁੰਦੀ ਜਾ ਰਹੀ ਹੈ। ਸੱਚਮੁੱਚ ! ਗੁਰਾਂ ਦੇ ਨਾਂ ਤੇ ਵਸਦੇ ਪੰਜਾਬ ਦੀ ਇੱਕ ਅੰਗੜਾਈ ਨਾਲ ਸਮੁੱਚਾ ਭਾਰਤ ਜਾਗ ਉੱਠਿਆ ਹੈ। ਮੇਰੇ ਵਰਗੇ ਲੱਖਾਂ ਸਧਾਰਨ ਅਤੇ ਗ਼ੈਰ ਸਿਆਸੀ ਨਾਗਰਿਕਾਂ ਦਾ ਕਿਸਾਨਾਂ ਦੇ ਹੱਕ ਵਿੱਚ ਨੰਗੇ ਧੜ ਖਲੋ ਜਾਣਾ ਤਸਦੀਕ ਕਰਦਾ ਹੈ ਕਿ ਇਹ ਸੰਘਰਸ਼ ਕੋਈ ਸਿਆਸੀ ਵਿਦਰੋਹ ਨਾ ਹੋ ਕੇ ਸਿਆਸੀ ਧਿਰਾਂ ਦੀ ਬੇਇਨਸਾਫ਼ੀ ਤੋਂ ਦੁਖੀ ਹੋਈ ਪਰਜਾ ਦੇ ਹਿਰਦੇ ਦੀ ਕੂਕ ਹੈ ਅਤੇ ਹੁਣ ਭਾਰਤ ਨੂੰ ਵਿਕਾਸ ਦੇ ਰਾਹ ਤੇ ਪਾਏ ਬਿਨਾਂ ਸ਼ਾਂਤ ਹੋਣ ਵਾਲੀ ਨਹੀਂ। ਪਰਜਾ ਦੀ ਛੱਡੋ, ਸੱਤਾ ਤੇ ਕਾਬਜ਼ ਹੁਕਮਰਾਨਾਂ ਦੇ ਸੰਗੀ ਸਾਥੀਆਂ ਦੀਆਂ ਜ਼ਮੀਰਾਂ ਨੇ ਵੀ ਝੂਠ ਤੋਂ ਪੱਲਾ ਛੁਡਾਓਣ ਲਈ ਲਾਲ ਬੱਤੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਰੱਬ ਜਾਣੇ ਸੱਚ-ਮੁੱਚ ਜ਼ਮੀਰਾਂ ਜਾਗ ਪਈਆਂ ਹਨ ਜਾਂ ਇਸ ਸੰਘਰਸ਼ ਨੂੰ ਤਾਰਪੀਡੋ ਕਰਨ ਦਾ ਕੋਈ ਮਨਸੂਬਾ ਹੈ। ਸਾਵਧਾਨ ਰਹਿਣ ਦੀ ਲੋੜ ਹੈ। ਇਹ ਰੱਬੀ ਵਰਤਾਰਾ ਹੈ, ਅੱਤ ਤੇ ਰੱਬ ਦਾ ਵੈਰ ਹੁੰਦਾ ਹੈ।

ਸੱਤਾਧਾਰੀ ਧਿਰ ਤਾਕਤ ਦੇ ਨਸ਼ੇ ਵਿੱਚ ਐਨੀ ਅੰਨੀ ਹੋ ਚੁੱਕੀ ਹੈ ਕਿ ਉਸਦੇ ਦਬਾਅ ਹੇਠ ਦੱਬੇ ਵਿੱਦਿਅਕ, ਧਾਰਮਿਕ, ਸਮਾਜਿਕ ਅਦਾਰਿਆਂ ਸਮੇਤ ਰਾਸ਼ਟਰੀ ਮੀਡੀਆ ਅਤੇ ਅਮਨ ਕਾਨੂੰਨ ਦੇ ਰਖਵਾਲੇ ਸਭ ਕੁਝ ਜਾਣਦੇ ਹੋਏ ਵੀ ਚੁੱਪ ਧਾਰੀ ਬੈਠੇ ਹਨ। ਵਿੱਦਿਅਕ ਮਾਹਿਰਾਂ ਦੀ ਮੁਢਲੀ ਜ਼ੁੰਮੇਵਾਰੀ ਵਿੱਦਿਅਕ ਅਦਾਰਿਆਂ ਨੂੰ ਸਿਆਸਤ ਤੋਂ ਦੂਰ ਰੱਖ ਕੇ ਦੇਸ਼ ਦੇ ਨਿਰਮਾਣ ਲਈ ਉੱਚੇ-ਸੁੱਚੇ ਕਿਰਦਾਰ ਵਾਲੇ ਮਨੁੱਖ ਘੜਨਾ ਹੁੰਦਾ ਹੈ। ਦੂਰ ਜਾਣ ਦੀ ਲੋੜ ਨਹੀਂ ਨੇੜਲੇ ਅਤੀਤ ਵਿੱਚ ਹੀ ਵਿੱਦਿਅਕ ਮਾਹਿਰ ਅਜਿਹੀ ਭੂਮਿਕਾ ਨਿਭਾਉਂਦੇ ਰਹੇ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਕਿਰਪਾਲ ਸਿੰਘ ਔਲਖ ਵੱਲੋਂ ਮਈ 2004 ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਅਟੱਲ ਬਿਹਾਰੀ ਵਾਜਪਾਈ ਦੀ ਸਿਆਸੀ ਰੈਲੀ ਲਈ ਯੂਨੀਵਰਸਿਟੀ ਦੇ ਮੈਦਾਨ ਨੂੰ ਵਰਤਣ ਦੀ ਆਗਿਆ ਨਾ ਦੇਣੀ ਉਨ੍ਹਾਂ ਦੇ ਉੱਚੇ-ਸੁੱਚੇ ਅਤੇ ਜ਼ੁੰਮੇਵਾਰ ਕਿਰਦਾਰ ਦੀ ਮਿਸਾਲ ਹੈ। ਪਰ 25 ਦਸੰਬਰ, 2020 ਨੂੰ ਵੱਖ-ਵੱਖ ਖੇਤੀ ਯੂਨੀਵਰਸਿਟੀਆਂ ਦੇ ਵਾਈਸ-ਚਾਂਸਲਰਾਂ ਵੱਲੋਂ ਸ੍ਰੀ ਨਰਿੰਦਰ ਮੋਦੀ ਦੇ ਆਨਲਾਈਨ ਭਾਸ਼ਣ ਨੂੰ ਖੇਤੀ ਵਿਗਿਆਨੀਆਂ ਅਤੇ ਵਿਦਿਆਰਥੀਆਂ ਨੂੰ ਸੁਣਾਉਣ ਦੀ ਗਤੀਵਿਧੀ ਨੇ ਪੜ੍ਹੇ ਲਿਖੇ ਵਰਗ ਦਾ ਸਿਰ ਸ਼ਰਮ ਨਾਲ ਨੀਵਾਂ ਕਰ ਦਿੱਤਾ ਹੈ। ਸੋਸ਼ਲ ਮੀਡੀਆ ਤੇ ਉਪਲਬਧ ਮਾਣਯੋਗ ਪ੍ਰਧਾਨ ਮੰਤਰੀ ਦੇ ਭਾਸ਼ਣ ਉੱਪਰ ਪਰਜਾ ਦੀਆਂ ਟਿੱਪਣੀਆਂ ਅਤੇ ਉਨ੍ਹਾਂ ਦੇ ਵੀਡੀਓ ਨੂੰ ਰੋਕ-ਰੋਕ ਕੇ ਕਿਸਾਨਾਂ ਵੱਲੋਂ ਪੁੱਛੇ ਗਏ ਸਵਾਲ ਇਨ੍ਹਾਂ ਵਾਈਸ-ਚਾਂਸਲਰਾਂ ਲਈ ਕਾਬਲੇ ਗੌਰ ਹਨ। ਚਾਹੀਦਾ ਤਾਂ ਇਹ ਸੀ ਕਿ ਇਹ ਪੜ੍ਹੇ ਲਿਖੇ ਲੋਕ ਪ੍ਰਧਾਨ ਮੰਤਰੀ ਜੀ ਨੂੰ ਸੱਚ ਤੋਂ ਵਾਕਫ਼ ਕਰਵਾ ਕੇ ਦੇਸ਼ ਪ੍ਰਤੀ ਵਫ਼ਾਦਾਰੀ ਦਾ ਸਬੂਤ ਦਿੰਦੇ, ਪਰ ਕੀ ਲਿਖਾਂ? ਰੱਬ ਇਨ੍ਹਾਂ ਨੂੰ ਸੁਮੱਤ ਬਖ਼ਸ਼ੇ।

ਜ਼ੁੰਮੇਵਾਰ ਅਹੁਦਿਆਂ ਤੇ ਬੈਠੇ ਅਖੌਤੀ ਪੜ੍ਹੇ ਲਿਖੇ ਵਿਅਕਤੀਆਂ ਦੀਆਂ ਜ਼ਮੀਰਾਂ ਦੇ ਮਰ ਜਾਣ ਦੇ ਬਾਵਜ਼ੂਦ ਪੰਜਾਬ ਦੇ ਕਿਰਤੀ ਕਿਸਾਨਾਂ ਦਾ ਦਿੱਲੀ ਦੀ ਸਰਹੱਦ ਤੇ ਬੈਠ ਕੇ ਪੋਹ ਦੀਆਂ ਠੰਢਾਂ ਵਿੱਚ ਵੀ ਪਿਆਰ ਦੇ ਗੀਤ ਗਾਉਣਾ, ਗਰੀਬਾਂ ਦੇ ਬੱਚਿਆਂ ਨੂੰ ਪੜ੍ਹਾਉਣਾ, ਲੰਗਰ ਛਕਾਉਣਾ, ਮਰੀਜ਼ਾਂ ਲਈ ਖ਼ੂਨਦਾਨ ਕਰਨਾ, ਪੰਜਾਬ ਦੀ ਵਿਰਾਸਤ ਉੱਪਰ ਪਈ ਗਰਦ ਨੂੰ ਝਾੜ ਕੇ ਪੰਜਾਬ ਦੀ ਸਹੀ ਤਸਵੀਰ ਨੂੰ ਰੂਪਮਾਨ ਕਰ ਰਿਹਾ ਹੈ। ਕਿਸਾਨ ਮੋਰਚੇ ਵਿੱਚ ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਦੀਆਂ ਉਹ ਅੱਖੀ ਡਿੱਠੀਆਂ ਮਿਲਣੀਆਂ ਜਦੋਂ ਹਰਿਆਣੇ ਦੇ ਕਿਸਾਨ ਪੰਜਾਬੀ ਵਿੱਚ ਅਤੇ ਪੰਜਾਬ ਦੇ ਕਿਸਾਨ ਹਿੰਦੀ ਵਿੱਚ ਗੱਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਦੇਸ਼ ਦੀ ਨਵਉਸਾਰੀ ਦਾ ਰਾਹ ਖੋਲਦੀਆਂ ਨਜ਼ਰ ਆ ਰਹੀਆਂ ਸਨ। ਸੱਤਾਧਾਰੀ ਧਿਰਾਂ ਦੀ ਲੁੱਟ ਖਸੁੱਟ ਤੋਂ ਦੁਖੀ ਹਰ ਨਾਗਰਿਕ ਦੇ ਧੁਰ ਅੰਦਰੋਂ ਨਿਕਲ ਰਿਹਾ ਹਾਅ ਦਾ ਨਾਅਰਾ ਜਥੇਬੰਦਕ ਰੂਪ ਅਖਤਿਆਰ ਕਰਕੇ ਨਵੇਂ ਇਤਿਹਾਸ ਦੀ ਸਿਰਜਣਾ ਲਈ ਜਰਨੈਲੀ ਸੜਕ ਤੇ ਚੜ੍ਹ ਚੁੱਕਾ ਹੈ। ਇਸ ਕਾਫ਼ਲੇ ਦੀ ਸਿਰਜਣਾ ਲਈ ਨੌਜਵਾਨ ਆਗੂਆਂ, ਗੀਤਕਾਰਾਂ ਅਤੇ ਕਲਾਕਾਰਾਂ ਵੱਲੋਂ ਸਿਆਣਪ ਅਤੇ ਸ਼ੁੱਧ ਹਿਰਦੇ ਨਾਲ ਨਿਭਾਈ ਭੂਮਿਕਾ ਨੂੰ ਤਵਾਰੀਖ਼ ਨੇ

ਬਹੁਤ ਸਤਿਕਾਰ ਸਹਿਤ ਸੰਭਾਲ ਲਿਆ ਹੈ।

ਹੁਣ ਇਸ ਕਾਫ਼ਲੇ ਨੇ ਕਿਹੜੀ ਦਿਸ਼ਾ ਲੈਣੀ ਹੈ? ਕੀ ਇਹ ਕਾਫ਼ਲਾ ਸਿਰਫ਼ ਕਿਸਾਨੀ ਕਾਨੂੰਨਾਂ ਦੇ ਵਿਰੋਧ ਵਿੱਚ ਹੈ ਜਾਂ ਇਸ ਦੀ ਪੀੜਾ ਕੁਝ ਹੋਰ ਹੈ? ਡੂੰਘੇ ਸਵਾਲ ਹਨ, ਜਿਨ੍ਹਾਂ ਨੂੰ ਸਮਝਣਾ ਅਤਿ ਜ਼ਰੂਰੀ ਹੈ।ਅਸਲ ਵਿੱਚ ਪਰਜਾ ਵਿੱਦਿਆ, ਸਿਹਤ ਸੇਵਾਵਾਂ, ਪ੍ਰਸ਼ਾਸ਼ਨ, ਅਮਨ ਕਾਨੂੰਨ, ਸੁਰੱਖਿਆ, ਸਮਾਜਿਕ, ਆਰਥਿਕ, ਖੇਤੀਬਾੜੀ, ਵਪਾਰ ਆਦਿ ਸਮੁੱਚੇ ਪ੍ਰਬੰਧ ਵਿੱਚ ਹੋ ਰਹੇ ਭ੍ਰਿਸ਼ਟਾਚਾਰ ਅਤੇ ਲੁੱਟ ਖਸੁੱਟ ਤੋਂ ਦੁਖੀ ਹੈ ਅਤੇ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਲਈ ਕੋਈ ਰਾਹ ਲੱਭ ਰਹੀ ਹੈ।

ਸਮਾਜ ਪ੍ਰਤੀ ਸੁਹਿਰਦ ਲੋਕ ਇਸ ਕਾਫ਼ਲੇ ਦੇ ਜੋਸ਼ ਨੂੰ ਹੋਸ਼ ਵਿੱਚ ਰੱਖ ਕੇ ਹਲੀਮੀ ਰਾਜ ਦੀ ਸਥਾਪਨਾ ਲਈ ਆਸਵੰਦ ਹਨ।ਪਰ, ਇਸ ਆਸ ਦੀ ਪੂਰਤੀ ਲਈ ਸਿਆਸਤ ਤੋਂ ਦੂਰ ਵਸਦੇ ਨਿਰਸਵਾਰਥ, ਸੂਝਵਾਨ, ਅਣਥੱਕ, ਦੂਰਦਰਸ਼ੀ, ਤਿਆਗੀ ਅਤੇ ਕੁਰਬਾਨੀ ਵਾਲੇ ਸਚਿਆਰ ਮਨੁੱਖਾਂ ਨੂੰ ਲਾਮਬੰਦ ਕਰਕੇ ਸਿਆਸੀ ਲੋਕਾਂ ਦੀ ਲਗਾਮ ਪਰਜਾ ਦੇ ਹੱਥ ਵਿੱਚ ਰੱਖਣ ਲਈ ਰਣਨੀਤੀ ਤਿਆਰ ਕਰਨੀ ਪਵੇਗੀ। ਇਨ੍ਹਾਂ ਵਿਚਾਰਾਂ ਦਾ ਉਲੇਖ ਵੱਖਰੇ ਰੂਪ ਵਿੱਚ ਕਰਾਂਗੇ, ਅੱਜ ਦੀ ਇਸ ਲਿਖਤ ਨੂੰ ਕਿਸਾਨੀ ਮਸਲਿਆਂ ਦੇ ਸਦੀਵੀ ਹੱਲ ਤੇ ਕੇਂਦਰਿਤ ਕਰਦੇ ਹਾਂ।

ਨਿਰਸੰਦੇਹ ਪਹਿਲੀ ਮੰਗ ਭਾਰਤ ਸਰਕਾਰ ਦੇ ਵਿਵਾਦ ਗ੍ਰਸਤ ਅਤੇ ਦੇਸ਼-ਵਿਰੋਧੀ ਕਾਲੇ ਕਾਨੂੰਨਾਂ ਨੂੰ ਵਾਪਸ ਲੈਣਾ ਹੈ, ਪਰ ਸਿਰਫ਼ ਇਹੀ ਮੰਗ ਸਦੀਵੀ ਹੱਲ ਨਹੀਂ ਹੈ। ਇਨ੍ਹਾਂ ਕਾਨੂੰਨਾਂ ਦੀ ਵਾਪਸੀ ਦੇ ਨਾਲ-ਨਾਲ ਨਵੇਂ ਕਾਨੂੰਨ ਬਣਾਉਣ ਦੀ ਲੋੜ ਹੈ। ਭਾਵੇਂ ਕਿਸਾਨ ਆਗੂਆਂ ਨੇ ਇਕੱਤਰਤਾਵਾਂ ਲਈ 4 ਏਜੰਡੇ (ਤਿੰਨ ਕਾਨੂੰਨਾਂ ਦੀ ਵਾਪਸੀ, ਐਮ. ਐਸ. ਪੀ., ਪਰਾਲੀ ਸਾੜਨ ਅਤੇ ਬਿਜਲੀ ਦੇ ਬਿੱਲਾਂ ਸੰਬੰਧੀ) ਨਿਯਤ ਕੀਤੇ ਹਨ। ਪਰ, ਕਿਸਾਨੀ ਦੀਆਂ ਸਮੁੱਚੀਆਂ ਸਮੱਸਿਆਵਾਂ ਦੇ ਸਦੀਵੀ ਹੱਲ ਲਈ ਇਸ ਵੱਡੇ ਸੰਘਰਸ਼ ਵਿੱਚੋਂ ਵੱਧ ਪ੍ਰਾਪਤੀਆਂ ਨਿਸ਼ਚਿਤ ਕਰਨੀਆਂ ਚਾਹੀਦੀਆਂ ਹਨ। ਇਸ ਸੰਬੰਧੀ ਅੰਤਮ ਫ਼ੈਸਲਾ ਕਿਸਾਨ ਆਗੂਆਂ ਨੇ ਹੀ ਲੈਣਾ ਹੈ, ਪਰ ਦੇਸ਼ ਦੀ ਕਿਸਾਨੀ ਦੇ ਭਵਿੱਖ ਲਈ ਹੇਠ ਲਿਖੇ ਕੁਝ ਸੁਝਾਵਾਂ ਨੂੰ ਵਿਚਾਰ ਲੈਣਾ ਲਾਹੇਵੰਦ ਰਹੇਗਾ:

**1. ਫ਼ਸਲਾਂ ਦਾ ਘੱਟੋ-ਘੱਟ ਮੁੱਲ:** ਹਰ ਫ਼ਸਲ ਲਈ ਘੱਟੋ-ਘੱਟ ਮੁੱਲ ਨਿਯਤ ਕਰਨ ਲਈ ਨੀਤੀ ਦੀ ਥਾਂ ਤੇ ਕਾਨੂੰਨ ਹੋਣਾ ਚਾਹੀਦਾ ਹੈ। ਇਸ ਕਾਨੂੰਨ ਤਹਿਤ ਫ਼ਸਲਾਂ ਦਾ ਮੁੱਲ ਤਹਿ ਕਰਨ ਲਈ ਬਣਾਈ ਕਮੇਟੀ ਵਿੱਚ ਅੱਧੇ ਮੈਂਬਰ ਕਿਸਾਨ ਅਤੇ ਬਾਕੀ ਖੇਤੀ ਵਿਗਿਆਨੀ ਹੋਣੇ ਚਾਹੀਦੇ ਹਨ। ਇਸ ਕਮੇਟੀ ਦੇ ਕੁੱਲ ਮੈਂਬਰਾਂ ਦੀ ਗਿਣਤੀ ਲਈ ਵਿਦਵਾਨਾਂ ਦੀ ਰਾਏ ਲਈ ਜਾ ਸਕਦੀ ਹੈ ਪਰ ਇਸ ਕਮੇਟੀ ਵਿੱਚ ਕੋਈ ਵੀ ਸਿਆਸਤਦਾਨ ਮੈਂਬਰ ਨਹੀਂ ਹੋਣਾ ਚਾਹੀਦਾ।ਇਸ ਕਮੇਟੀ ਵਿੱਚ ਪੰਜ ਕਿੱਲਿਆਂ ਜਾਂ ਘੱਟ ਰਕਬੇ ਉੱਪਰ ਖੇਤੀ ਕਰਨ ਵਾਲੇ ਪੰਜ ਅਗਾਂਹਵਧੂ ਕਿਸਾਨ ਵੀ ਜ਼ਰੂਰ ਸ਼ਾਮਲ ਹੋਣੇ ਚਾਹੀਦੇ ਹਨ ਅਤੇ ਇਨ੍ਹਾਂ ਕਿਸਾਨਾਂ ਦੀ ਨਾਮਜਦਗੀ, ਸਰਕਾਰ ਵੱਲੋਂ ਨਾ ਹੋ ਕੇ ਕਿਸਾਨ ਜਥੇਬੰਦੀਆਂ ਵੱਲੋਂ ਕੀਤੀ ਜਾਣੀ ਚਾਹੀਦੀ ਹੈ। ਵਧੇਰੇ ਗੁਣਵੱਤਾ ਵਾਲੀ ਫ਼ਸਲ ਲਈ ਵਧੇਰੇ ਮੁੱਲ ਤਹਿ ਕਰਨ ਦੀ ਸੁਵਿਧਾ ਹੋਣੀ ਚਾਹੀਦੀ ਹੈ। ਉਦਾਹਰਣ ਵਜੋਂ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੀ ਕਣਕ ਵਿੱਚ ਔਸਤਨ 11 ਫ਼ੀਸਦੀ ਪ੍ਰੋਟੀਨ ਹੁੰਦਾ ਹੈ ਜਦਕਿ ਦੂਸਰੇ ਸੂਬਿਆਂ ਦੀ ਕਣਕ ਵਿੱਚ ਇਹ ਔਸਤ ਲਗਭਗ 7 ਫ਼ੀਸਦੀ ਹੀ ਹੁੰਦੀ ਹੈ। ਇਸੇ ਤਰ੍ਹਾਂ ਹੋਰ ਫ਼ਸਲਾਂ ਦੀ ਗੁਣਵੱਤਾ ਦੇ ਨਿਰੀਖਣ ਦੇ ਅਧਾਰ ਤੇ ਵਾਧੂ ਮੁੱਲ ਤਹਿ ਹੋਣੇ ਚਾਹੀਦੇ ਹਨ।

**2. ਫ਼ਸਲਾਂ ਦੀ ਖ਼ਰੀਦ ਅਤੇ ਕੀਮਤ ਦੀ ਅਦਾਇਗੀ:** ਫ਼ਸਲ ਦੀ ਖ਼ਰੀਦ ਸਿਰਫ਼ ਸਰਕਾਰੀ ਮੰਡੀ ਵਿੱਚ ਹੀ ਹੋਣੀ ਚਾਹੀਦੀ ਹੈ ਅਤੇ ਫ਼ਸਲ ਦੀ ਕੀਮਤ ਦੀ ਅਦਾਇਗੀ ਕਿਸਾਨ ਦੇ ਬੈਂਕ ਖਾਤੇ ਵਿੱਚ ਫ਼ਸਲ ਦੀ ਖਰੀਦ ਤੋਂ 15 ਦਿਨਾਂ ਦੇ ਅੰਦਰ-ਅੰਦਰ ਕਰਨੀ ਜ਼ਰੂਰੀ ਹੋਣੀ ਚਾਹੀਦੀ ਹੈ। ਫ਼ਸਲਾਂ ਦੇ ਨਿਯਤ ਕੀਤੇ ਗਏ ਮੁੱਲ ਤੋਂ ਘੱਟ ਕੀਮਤ ਤੇ ਖ਼ਰੀਦ ਕਰਨ ਵਾਲੇ ਵਪਾਰੀ ਨੂੰ ਸਖ਼ਤ ਸਜਾ ਹੋਣੀ ਚਾਹੀਦੀ ਹੈ ਅਤੇ ਅਜਿਹੇ ਮੁਕੱਦਮਿਆਂ ਦਾ ਨਿਪਟਾਰਾ ਵੱਧ ਤੋਂ ਵੱਧ 6 ਮਹੀਨਿਆਂ ਵਿੱਚ ਕਰਨ ਲਈ ਅਦਾਲਤਾਂ ਦੀ ਕਾਰਜਕੁਸ਼ਲਤਾ ਵਿੱਚ ਨਿਪੁੰਨਤਾ ਲਿਆਉਣਾ ਵੀ ਕਾਨੂੰਨ ਦਾ ਹਿੱਸਾ ਹੋਣਾ ਚਾਹੀਦਾ ਹੈ। ਵਪਾਰੀਆਂ ਨਾਲ ਕਿਸੇ ਵੀ ਤਰ੍ਹਾਂ ਦੇ ਝਗੜੇ ਨੂੰ ਅਦਾਲਤ ਵਿੱਚ ਨਜਿੱਠਣ ਲਈ ਪੰਜ ਕਿੱਲਿਆਂ ਤੋਂ ਘੱਟ ਖੇਤੀ ਵਾਲੇ ਕਿਸਾਨ ਦੀ ਕਾਨੂੰਨੀ ਮਦਦ ਅਤੇ ਇਸ ਉੱਪਰ ਹੋਣ ਵਾਲੇ ਖ਼ਰਚੇ ਦੀ ਜ਼ੁੰਮੇਵਾਰੀ ਸਰਕਾਰ ਦੀ ਹੋਣੀ ਚਾਹੀਦੀ ਹੈ।

**3. ਜ਼ਮੀਨ ਦੀ ਮਾਲਕੀ ਅਤੇ ਇਕਰਾਰ ਖੇਤੀ (ਕੰਨਟਰੈਕਟ ਫਾਰਮਿੰਗ):** ਕਿਸੇ ਵਪਾਰੀ ਨਾਲ ਇਕਰਾਰ ਖੇਤੀ ਕਰਨ ਜਾਂ ਨਾ ਕਰਨ ਦਾ ਅਧਿਕਾਰ ਕਿਸਾਨ ਦਾ ਰਾਖਵਾਂ ਹੋਣਾ ਚਾਹੀਦਾ ਹੈ। ਜੇ ਕੋਈ ਕਿਸਾਨ ਕਿਸੇ ਵਪਾਰੀ ਨਾਲ ਇਕਰਾਰਨਾਮਾ ਲਿਖ ਕੇ ਖੇਤੀ ਕਰਦਾ ਹੈ ਤਾਂ ਕਿਸਾਨ

ਦੀ ਜ਼ਮੀਨ ਉੱਪਰ ਮਾਲਕੀ ਦਾ ਹੱਕ ਕਿਸਾਨ ਦਾ ਰਹਿਣਾ ਚਾਹੀਦਾ ਹੈ। ਕਿਸੇ ਵੀ ਹਾਲਤ ਵਿੱਚ ਵਪਾਰੀ ਨੂੰ ਕਿਸਾਨ ਦੀ ਜ਼ਮੀਨ ਜਬਤ ਕਰਨ ਜਾਂ ਆਪਣੇ ਜੋਰ ਨਾਲ ਕਾਸ਼ਤ ਕਰਵਾਉਣ ਦੀ ਖੁੱਲ ਨਹੀਂ ਹੋਣੀ ਚਾਹੀਦੀ। ਕਿਸਾਨ ਨਾਲ ਇਕਰਾਰਨਾਮਾ ਕਰਨ ਵਾਲੇ ਵਪਾਰੀ ਲਈ ਫ਼ਸਲ ਦਾ ਮੁੱਲ ਪਹਿਲਾਂ ਤਹਿ ਕਰਨ ਅਤੇ ਫ਼ਸਲ ਦੀ ਵਾਢੀ ਉਪਰੰਤ ਤਹਿ ਹੋਈ ਕੀਮਤ ਦੀ ਅਦਾਇਗੀ ਕਰਨ ਲਈ ਕਾਨੂੰਨੀ ਪਾਬੰਦੀ ਹੋਣੀ ਚਾਹੀਦੀ ਹੈ। ਕਿਸੇ ਵੀ ਤਰ੍ਹਾਂ ਦੀ ਕੁਦਰਤੀ ਅਣਹੋਣੀ ਕਾਰਨ ਫ਼ਸਲ ਦੇ ਹੋਣ ਵਾਲੇ ਨੁਕਸਾਨ ਨੂੰ ਪੂਰਾ ਕਰਨ ਲਈ ਫ਼ਸਲ ਦਾ ਬੀਮਾ ਕਰਵਾਉਣ ਦੀ ਜ਼ੁੰਮੇਵਾਰੀ ਵਪਾਰੀ ਦੀ ਹੋਣੀ ਚਾਹੀਦੀ ਹੈ। ਜੇ ਸ਼ੁੱਧ ਭਾਵਨਾ ਨਾਲ ਇਮਾਨਦਾਰ ਵਪਾਰੀ ਇਕਰਾਰ ਖੇਤੀ ਵਿੱਚ ਆ ਜਾਣ ਤਾਂ ਕਿਸਾਨਾਂ ਨੂੰ ਵੱਡਾ ਮੁਨਾਫ਼ਾ ਸੰਭਵ ਹੈ। ਉਦਾਹਰਨ ਵਜੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਾਬਕਾ ਵਿਗਿਆਨੀ ਡਾ. ਅੱਲਾ ਰੰਗ ਨੇ ਫੁੱਲਾਂ ਦੀ ਇਕਰਾਰ ਖੇਤੀ ਨੂੰ ਪ੍ਰਫੁੱਲਤ ਕਰਕੇ ਕਿਸਾਨਾਂ ਦੇ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਪ੍ਰਫੁੱਲਤ ਕੀਤੀਆਂ ਹਨ। ਇਕਰਾਰ ਖੇਤੀ ਲਾਹੇਵੰਦ ਹੋ ਸਕਦੀ ਹੈ, ਪਰ ਇਸ ਲਈ ਵਪਾਰੀਆਂ ਦੀ ਇਮਾਨਦਾਰੀ ਨੂੰ ਕਾਨੂੰਨੀ ਤੌਰ ਤੇ ਨਿਸ਼ਚਿਤ ਕਰਨ ਲਈ ਜ਼ਰੂਰੀ ਮੱਦਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ।

**4. ਸਬਸਿਡੀ/ਕਰਜਾ:** ਫ਼ਸਲਾਂ ਦੀ ਕਾਸ਼ਤ ਲਈ ਖਾਦਾਂ, ਬਿਜਲੀ, ਪਾਣੀ ਉੱਪਰ ਕੋਈ ਸਬਸਿਡੀ ਨਹੀਂ ਹੋਣੀ ਚਾਹੀਦੀ, ਪਰ ਫ਼ਸਲ ਦੇ ਮੁੱਲ ਵੱਧ ਹੋਣੇ ਚਾਹੀਦੇ ਹਨ ਤਾਂ ਜੋ ਕਿਸਾਨ ਲਈ ਸਾਰੇ ਖ਼ਰਚ ਕਰਨ ਉਪਰੰਤ ਪੂਰਾ ਮੁਨਾਫ਼ਾ ਯਕੀਨੀ ਹੋ ਸਕੇ। ਜਿਹੜੀ ਸਬਸਿਡੀ ਖਾਦ ਕੰਪਨੀਆਂ ਆਦਿ ਨੂੰ ਦਿੱਤੀ ਜਾਂਦੀ ਹੈ, ਉਹੀ ਸਬਸਿਡੀ ਪੈਦਾ ਹੋਈ ਫ਼ਸਲ ਦੇ ਮੁੱਲ ਦੇ ਰੂਪ ਵਿੱਚ ਸਰਕਾਰ ਵੱਲੋਂ ਕਿਸਾਨ ਨੂੰ ਦੇਣੀ ਚਾਹੀਦੀ ਹੈ। ਸਬਸਿਡੀਆਂ ਵਰਦਾਨ ਨਹੀਂ ਮਿੱਠਾ ਜ਼ਹਿਰ ਹਨ, ਕੋਈ ਵੀ ਵਿਕਸਿਤ ਦੇਸ਼ ਖਾਦ, ਪਾਣੀ ਅਤੇ ਬਿਜਲੀ ਤੇ ਸਬਸਿਡੀ ਨਹੀਂ ਦਿੰਦਾ। ਸਸਤੀ ਜਾਂ ਮੁਫ਼ਤ ਵਿੱਚ ਮਿਲਦੀ ਖਾਦ, ਪਾਣੀ ਅਤੇ ਬਿਜਲੀ ਦੀ ਦੁਰਵਰਤੋਂ ਹੋਣੀ ਸੁਭਾਵਿਕ ਹੈ ਅਤੇ ਸਿੱਟੇ ਵਜੋਂ ਹੋਣ ਵਾਲੇ ਨੁਕਸਾਨ ਵਿਨਾਸ਼ਕਾਰੀ ਹਨ। ਪੂਰਾ ਮੁੱਲ ਦੇ ਕੇ ਖਾਦ, ਪਾਣੀ ਅਤੇ ਬਿਜਲੀ ਖਰੀਦਣ ਲਈ ਕਿਸਾਨਾਂ ਨੂੰ ਸਰਕਾਰ ਵੱਲੋਂ ਉਧਾਰ (ਬਿਨਾਂ ਵਿਆਜ) ਸਹਿਯੋਗ ਦੇਣ ਦੀ ਸੁਵਿਧਾ ਹੋਣੀ ਚਾਹੀਦੀ ਹੈ ਅਤੇ ਇਹ ਰਕਮ ਫ਼ਸਲ ਦੇ ਮੰਡੀ ਵਿੱਚ ਆਉਣ ਸਮੇਂ ਫ਼ਸਲ ਦੀ ਕੀਮਤ ਵਿੱਚੋਂ ਕੱਟੀ ਜਾਣੀ ਚਾਹੀਦੀ ਹੈ।

**5. ਫ਼ਸਲੀ ਵੰਨ-ਸੁਵੰਨਤਾ:** ਜੇ ਸਰਕਾਰ ਸਾਰੀਆਂ ਫ਼ਸਲਾਂ ਦੇ ਘੱਟੋ-ਘੱਟ ਮੁੱਲ ਯਕੀਨੀ ਬਣਾ ਦੇਵੇ ਤਾਂ ਫ਼ਸਲੀ ਵੰਨ-ਸੁਵੰਨਤਾ ਆਪੇ ਹੋ ਜਾਣੀ ਹੈ। ਸਰਕਾਰ ਲਈ ਜ਼ਰੂਰੀ ਹੋਣਾ ਚਾਹੀਦਾ ਹੈ ਕਿ ਉਹ ਸਮੁੱਚੇ ਦੇਸ਼ ਦੀ ਪਰਜਾ ਦੀਆਂ ਲੋੜਾਂ ਅਤੇ ਨਿਰਯਾਤ ਲਈ ਅਨਾਜ, ਦਾਲਾਂ, ਫ਼ਲਾਂ, ਕਪਾਹ ਆਦਿ ਦੀ ਲੋੜ ਦਾ ਜਾਇਜਾ ਲੈ ਕੇ ਖੇਤੀ ਵਿਗਿਆਨੀਆਂ ਦੀ ਸਲਾਹ ਨਾਲ ਫ਼ਸਲਾਂ ਬੀਜਣ ਲਈ ਭੂਗੋਲਿਕ ਪ੍ਰਸਥਿਤੀਆਂ ਅਤੇ ਭੂਮੀ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖਦਿਆਂ ਫ਼ਸਲਾਂ ਦੀ ਕਾਸ਼ਤ ਲਈ ਦਿਸ਼ਾ ਨਿਰਦੇਸ਼ ਤਹਿ ਕਰੇ। ਕਿਸਾਨ ਇਨ੍ਹਾਂ ਨਿਰਦੇਸ਼ਾਂ ਅਨੁਸਾਰ ਹੀ ਫ਼ਸਲਾਂ ਬੀਜਣ ਅਤੇ ਕਾਸ਼ਤ ਕੀਤੀ ਗਈ ਫ਼ਸਲ ਦੀ ਖ਼ਰੀਦ ਸਰਕਾਰ ਕਰੇ। ਜਦੋਂ ਕਿਸੇ ਵੀ ਫ਼ਸਲ ਦੀ ਕਾਸ਼ਤ ਲੋੜ ਤੋਂ ਵੱਧ ਨਹੀਂ ਹੋਵੇਗੀ ਤਾਂ ਉਪਜ ਦੀ ਬਰਬਾਦੀ ਰੁਕਣ ਦੇ ਨਾਲ-ਨਾਲ ਕੁਦਰਤੀ ਸੋਮਿਆਂ ਦੀ ਸੰਭਾਲ ਹੋਵੇਗੀ ਅਤੇ ਕਿਸਾਨ ਨੂੰ ਪੂਰਾ ਮੁਨਾਫ਼ਾ ਵੀ ਯਕੀਨੀ ਹੋ ਜਾਵੇਗਾ।

**6. ਪਰਾਲੀ ਦਾ ਪ੍ਰਬੰਧ ਅਤੇ ਕੁਦਰਤੀ ਸਾਧਨਾਂ ਦੀ ਸੰਭਾਲ:** ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਹੀ ਸੰਭਾਲਣਾ ਵਿਸ਼ੇਸ਼ ਮਿਹਨਤ ਮੰਗਦਾ ਹੈ, ਪਰ ਅਸੰਭਵ ਨਹੀਂ। ਨਿਰਸੰਦੇਹ ਇਸ ਕੰਮ ਨੂੰ ਸਫ਼ਲਤਾ ਨਾਲ ਕਰਨ ਲਈ ਖੇਤੀ ਖੋਜ ਵਿੱਚ ਹੋਰ ਵਿਕਾਸ ਦੀ ਲੋੜ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਦਿੱਤੀਆਂ ਵਿਧੀਆਂ ਕਾਰਗਰ ਨਹੀਂ ਹਨ। ਹਰ ਨਵੀਂ ਵਿਧੀ ਦੀ ਸੂਝ-ਬੂਝ ਹਾਸਲ ਕਰਨ ਲਈ ਸਮਾਂ ਲਗਦਾ ਹੈ ਅਤੇ ਬਹੁਤ ਸਾਰੇ ਅਗਾਂਹ ਵਧੂ ਕਿਸਾਨਾਂ ਨੇ ਇਨ੍ਹਾਂ ਵਿਧੀਆਂ ਨੂੰ ਸਫ਼ਲਤਾ ਸਹਿਤ ਅਪਣਾਉਣ ਵਿੱਚ ਮੁਹਾਰਤ ਹਾਸਲ ਕਰ ਲਈ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਨੂੰ ਕੋਈ ਜ਼ੁਰਮਾਨਾ ਕਰਨ ਦੀ ਥਾਂ, ਪਰਾਲੀ ਦੀ ਸੰਭਾਲ ਲਈ ਵਿਕਸਿਤ ਕੀਤੀਆਂ ਗਈਆਂ ਵਿਧੀਆਂ ਦੀ ਸਿਖਲਾਈ ਲਈ ਉਚੇਚੇ ਪ੍ਰਬੰਧ ਕਰੇ ਅਤੇ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਵਿਧੀਆਂ ਨੂੰ ਅਪਣਾਉਣ ਲਈ ਸਰਕਾਰ ਦਾ ਸਹਿਯੋਗ ਕਰਨ ਤਾਂ ਜੋ ਬਿਨਾਂ ਕਿਸੇ ਤਕਰਾਰ ਅਸੀਂ 1-2 ਸਾਲਾਂ ਵਿੱਚ ਪਰਾਲੀ ਨੂੰ ਅੱਗ ਲਾਉਣੀ ਬੰਦ ਕਰਕੇ ਭੂਮੀ ਦੀ ਸਿਹਤ ਦੀ ਸੰਭਾਲ ਯਕੀਨੀ ਬਣਾ ਸਕੀਏ। ਕੁਦਰਤੀ ਸਾਧਨਾਂ ਦੀ ਸੰਭਾਲ ਨਿਸ਼ਚਿਤ ਕਰਨ ਵਾਲੀਆਂ ਵਿਧੀਆਂ ਨਾਲ ਆਰਜੀ ਤੌਰ 'ਤੇ 1-2 ਸਾਲਾਂ ਲਈ ਝਾੜ ਘੱਟ ਵੀ

ਹਨ, ਪਰ ਕਿਸਾਨਾਂ ਨੂੰ ਇਹ ਗੱਲ ਚਿੱਤ ਵਿੱਚ ਬਿਠਾ ਲੈਣੀ ਚਾਹੀਦੀ ਹੈ ਕਿ ਜਦੋਂ ਅਸੀਂ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਸੰਭਾਲਣ ਵਿੱਚ ਸਫ਼ਲ ਹੋ ਗਏ ਤਾਂ ਸਾਡੇ ਝਾੜ ਵੀ ਵਧਣਗੇ ਅਤੇ ਖਾਦਾਂ ਉੱਪਰ ਹੋਣ ਵਾਲੇ ਖ਼ਰਚ ਵੀ ਘਟਣਗੇ।

**7. ਫ਼ਸਲ ਭੰਡਾਰਨ**: ਕਿਸਾਨਾਂ ਦੀ ਸਹੂਲਤ ਲਈ ਅਨਾਜ, ਦਾਲਾਂ, ਸਬਜੀਆਂ ਅਤੇ ਫ਼ਲਾਂ ਦੇ ਭੰਡਾਰਨ ਲਈ ਉੱਚਿਤ ਸੁਵਿਧਾਵਾਂ ਤਿਆਰ ਕਰਨ ਲਈ ਸਰਕਾਰ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਜੇ ਉਪਜ ਦੇ ਭੰਡਾਰਨ ਲਈ ਯੋਗ ਪ੍ਰਬੰਧ ਹੋ ਜਾਣ ਤਾਂ ਅਨਾਜ ਦੀ ਬਰਬਾਦੀ ਤੇ ਕਾਬੂ ਪਾਉਣ ਦੇ ਨਾਲ-ਨਾਲ ਕਿਸਾਨਾਂ ਨੂੰ ਫ਼ਸਲਾਂ ਦੇ ਪੂਰੇ ਮੁੱਲ ਦੀ ਪ੍ਰਾਪਤੀ ਵੀ ਯਕੀਨੀ ਬਣਾਈ ਜਾ ਸਕਦੀ ਹੈ। ਖ਼ਬਰਾਂ ਮਿਲ ਰਹੀਆਂ ਹਨ ਕਿ ਭਾਰਤ ਖੁਰਾਕ ਨਿਗਮ (ਫੂਡ ਕਾਰਪੋਰੇਸ਼ਨ ਆਫ਼ ਇੰਡੀਆ) ਕਾਰਪੋਰੇਟ ਘਰਾਣਿਆਂ ਨਾਲ ਮਿਲ ਕੇ ਫ਼ਸਲ ਭੰਡਾਰਨ ਦੇ ਪ੍ਰਬੰਧ ਕਰ ਰਹੀ ਹੈ। ਆਖਿਰ ਸਰਕਾਰ ਆਪਣੇ ਕੰਮ ਇਨ੍ਹਾਂ ਘਰਾਣਿਆਂ ਦੇ ਹਵਾਲੇ ਕਿਉਂ ਕਰ ਰਹੀ ਹੈ?

**8. ਖੇਤੀ ਖੋਜ ਅਤੇ ਪਸਾਰ:** ਖੇਤੀ ਖੋਜ ਅਤੇ ਪਸਾਰ ਲਈ ਵਿੱਤੀ ਸਹਿਯੋਗ ਦੀ ਪੂਰੀ ਜ਼ੁੰਮੇਵਾਰੀ ਸਰਕਾਰ ਦੀ ਹੋਣੀ ਚਾਹੀਦੀ ਹੈ। ਸਰਕਾਰ ਨੂੰ ਖੇਤੀ ਵਿਗਿਆਨੀਆਂ ਅਤੇ ਪਸਾਰ ਮਾਹਿਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਭਰ ਕੇ ਖੇਤੀ ਖੋਜ ਅਤੇ ਪਸਾਰ ਕਾਰਜਾਂ ਲਈ ਲੋੜੀਂਦੀਆਂ ਸੁਵਿਧਾਵਾਂ ਉਪਲਬਧ ਕਰਵਾਉਣੀਆਂ ਚਾਹੀਦੀਆਂ ਹਨ। ਇਨ੍ਹਾਂ ਸੁਵਿਧਾਵਾਂ ਦੀ ਅਣਹੋਂਦ ਵਿੱਚ ਖੇਤੀ ਵਿਗਿਆਨੀਆਂ ਨੂੰ ਪ੍ਰਾਈਵੇਟ ਕੰਪਨੀਆਂ ਜਾਂ ਕਾਰਪੋਰੇਟ ਘਰਾਣਿਆਂ ਦੀ ਵਿੱਤੀ ਮਦਦ ਨਾਲ ਖੋਜ ਕਾਰਜ ਚਲਾਉਣੇ ਪੈਂਦੇ ਹਨ, ਸਿੱਟੇ ਵਜੋਂ ਉਨ੍ਹਾਂ ਦੀ ਦਖਲ ਅੰਦਾਜੀ ਨਿਰਪੱਖ ਖੇਤੀ ਵਿਗਿਆਨ ਦੀ ਪ੍ਰਫੁੱਲਤਾ ਉੱਪਰ ਅਸਰ ਪਾਉਂਦੀ ਹੈ। ਜਿੱਥੇ ਸਰਕਾਰ ਲਈ ਖੇਤੀ ਵਿਗਿਆਨੀਆਂ ਅਤੇ ਪਸਾਰ ਮਾਹਿਰਾਂ ਦੀਆਂ ਅਸਾਮੀਆਂ ਭਰਨੀਆਂ ਜ਼ਰੂਰੀ ਹਨ ਉੱਥੇ ਹਰ ਖੇਤੀ ਵਿਗਿਆਨੀ ਅਤੇ ਪਸਾਰ ਮਾਹਿਰ ਦੀ ਜਵਾਬਦੇਹੀ ਵੀ ਨਿਸ਼ਚਿਤ ਹੋਣੀ ਚਾਹੀਦੀ ਹੈ ਅਤੇ ਇਸ ਉੱਪਰ ਖਰਾ ਨਾ ਉਤਰਨ ਵਾਲੇ ਖੇਤੀ ਵਿਗਿਆਨੀ ਜਾਂ ਪਸਾਰ ਮਾਹਿਰ ਨੂੰ ਸੇਵਾ ਮੁਕਤ ਕਰ ਦੇਣਾ ਚਾਹੀਦਾ ਹੈ। ਖੇਤੀ ਖੋਜ ਅਤੇ ਪਸਾਰ ਨੂੰ ਸਹੀ ਦਿਸ਼ਾ ਵਿੱਚ ਰੱਖਣ ਲਈ ਹਰ ਸੂਬੇ ਵਿੱਚ ਗੈਰ ਸਿਆਸੀ ਅਗਾਂਹ ਵਧੂ ਕਿਸਾਨਾਂ ਅਤੇ ਉੱਘੇ ਵਿਗਿਆਨੀਆਂ ਦੀ ਵਿਸ਼ੇਸ਼ ਕਮੇਟੀ ਦਾ ਗਠਨ ਹੋਣਾ ਚਾਹੀਦਾ ਹੈ। ਚੇਤੇ ਰਹੇ ਕਿ ਖੇਤੀਬਾੜੀ ਸੰਬੰਧੀ ਦੇਸ਼ ਦੇ ਸਾਰੇ ਸੂਬਿਆਂ ਵਿੱਚ ਇੱਕ ਹੀ ਨੀਤੀ ਲਾਗੂ ਨਹੀਂ ਹੋ ਸਕਦੀ ਇਸ ਕਰਕੇ ਇਹ ਕਮੇਟੀ ਹਰ ਸੂਬੇ ਦੀ ਵੱਖੋ-ਵੱਖਰੀ ਹੋਣੀ ਚਾਹੀਦੀ ਹੈ।ਇਹ ਕਮੇਟੀ ਸਿਰਫ਼ ਨਾਂ-ਮਾਤਰ ਬੋਰਡ ਜਾਂ ਸਲਾਹਕਾਰ ਕਮੇਟੀ ਨਾ ਹੋ ਕੇ ਪੂਰੀ ਚੁਸਤੀ ਅਤੇ ਅਮਲੇ ਸ਼ਾਖੇ ਸਮੇਤ ਕਾਰਜਸ਼ੀਲ਼ ਹੋਣੀ ਚਾਹੀਦੀ ਹੈ ਤਾਂ ਜੋ ਸੂਬੇ ਦੀ ਖੇਤੀਬਾੜੀ ਯੂਨੀਵਰਸਿਟੀ ਰਾਹੀਂ ਖੇਤੀ ਖੋਜ ਅਤੇ ਖੇਤੀਬਾੜੀ ਵਿਭਾਗ ਰਾਹੀਂ ਖੇਤੀ ਪਸਾਰ ਦੇ ਕੰਮਾਂ ਨੂੰ ਕਿਸਾਨਾਂ ਦੀਆਂ ਲੋੜਾਂ ਅਨੁਸਾਰ ਸਹੀ ਦਿਸ਼ਾ ਦਿੱਤੀ ਜਾ ਸਕੇ। ਇਸ ਕਮੇਟੀ ਦੀ ਅਗਵਾਈ ਵਿੱਚ ਖੇਤੀ ਵਿਗਿਆਨੀ ਕੁਦਰਤੀ ਸੋਮਿਆਂ ਦੀ ਸੰਭਾਲ ਨੂੰ ਧਿਆਨ ਵਿੱਚ ਰੱਖਦਿਆਂ ਖੇਤੀ ਖੋਜ ਨੂੰ ਨਵੀਂਆਂ ਲੀਹਾਂ ਤੇ ਤੋਰਨ ਅਤੇ ਖੇਤੀ ਪਸਾਰ ਮਾਹਿਰ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਤਿਆਰ ਕੀਤੀਆਂ ਗਈਆਂ ਵਿਗਿਆਨਿਕ ਵਿਧੀਆਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਲਈ ਆਪਣੀ ਭੂਮਿਕਾ ਨਿਭਾਉਣ। ਭਵਿੱਖ ਵਿੱਚ ਖੇਤੀ ਸੰਬੰਧੀ ਕੋਈ ਵੀ ਕਾਨੂੰਨ ਇਸ ਕਮੇਟੀ ਦੀ ਸਿਫ਼ਾਰਸ਼ ਤੋਂ ਬਿਨਾਂ ਲਾਗੂ ਨਹੀਂ ਹੋਣਾ ਚਾਹੀਦਾ। ਇਸ ਕਮੇਟੀ ਵੱਲੋਂ ਹਰ ਜਿਲ੍ਹੇ ਵਿੱਚ 10-10 ਪਿੰਡਾਂ ਨੂੰ ਵਿਗਿਆਨਿਕ ਖੇਤੀ ਵਿਧੀਆਂ ਨੂੰ ਅਮਲ ਵਿੱਚ ਲਿਆਉਣ ਲਈ ਨਮੂਨੇ ਦੇ ਪਿੰਡਾਂ ਵਜੋਂ ਤਿਆਰ ਕੀਤਾ ਜਾਵੇ ਅਤੇ ਹੌਲੀ ਹੌਲੀ ਸਾਰੇ ਪਿੰਡ ਹੀ ਮਾਡਲ ਪਿੰਡਾਂ ਵਜੋਂ ਵਿਕਸਿਤ ਕਰ ਲਏ ਜਾਣ। ਮੇਰਾ ਪੂਰਾ ਯਕੀਨ ਹੈ ਕਿ ਜੇ ਇਸ ਕੰਮ ਨੂੰ ਕਰਨ ਲਈ ਲੱਕ ਬੰਨ੍ਹ ਕੇ ਤੁਰ ਪਈਏ ਤਾਂ ਆਉਣ ਵਾਲੇ 10 ਸਾਲਾਂ ਵਿੱਚ ਪੰਜਾਬ ਦੇ ਸਾਰੇ ਪਿੰਡਾਂ ਨੂੰ ਸਮੁੱਚੇ ਵਿਸ਼ਵ ਲਈ ਉੱਨਤ ਖੇਤੀ ਦੇ ਮਾਡਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ।

ਆਸ ਕਰਦਾ ਹਾਂ ਕਿ ਕਿਸਾਨ ਆਗੂ ਉਪਰੋਕਤ ਸੁਝਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਠੋਸ ਰਣਨੀਤੀ ਤਿਆਰ ਕਰਨਗੇ ਤਾਂ ਜੋ ਇਸ ਵੱਡੇ ਸੰਘਰਸ਼ ਦੇ ਨਤੀਜੇ ਵਜੋਂ ਕਿਸਾਨੀ ਦੀਆਂ ਸਮੱਸਿਆਵਾਂ ਦੇ ਸਦੀਵੀ ਹੱਲ ਪ੍ਰਾਪਤ ਕੀਤੇ ਜਾ ਸਕਣ।

**ਪ੍ਰਮੁੱਖ ਭੂਮੀ ਵਿਗਿਆਨੀ,**
**ਪੰਜਾਬ ਐਗਰੀਕਲਚਰਲ ਯੂਨੀਵਰਸਿਟੀ,**
**ਲੁਧਿਆਣਾ , ਪੰਜਾਬ**
**Email: singhvp72@gmail.com**

.....................................................

# ਕਿਰਤੀਆਂ ਦੇ ਹੱਥਾਂ ਨੂੰ ਲੱਖ ਲੱਖ ਸਿਜਦੇ !

– ਪ੍ਰੋ. ਅਵਤਾਰ ਸਿੰਘ

ਮੁਢਲੇ ਰੂਪ ਵਿੱਚ ਅਸੀਂ ਜੀਵ ਹਾਂ, ਫਿਰ ਇਨਸਾਨ, ਫਿਰ ਭਾਰਤੀ ਜਾਂ ਪੰਜਾਬੀ ਹਾਂ। ਇਨ੍ਹਾਂ ਸਾਰੀਆਂ ਪਹਿਚਾਣਾਂ ਵਜੋਂ ਸਾਡੇ ਕੁਝ ਅਧਿਕਾਰ ਹਨ, ਜਿਹੜੇ ਕਈ ਤਰਾਂ ਦੇ ਫ਼ਰਜ਼ਾਂ ਨਾਲ਼ ਜੁੜੇ ਹੋਏ ਹਨ। ਕੁਝ ਫ਼ਰਜ਼ ਕਾਨੂੰਨੀ ਹਨ ਤੇ ਕੁਝ ਇਖਲਾਕੀ ਅਤੇ ਰੂਹਾਨੀ ਹਨ। ਕਾਨੂੰਨੀ ਫ਼ਰਜ਼ ਤਾਂ ਡਰ ਤਹਿਤ ਪੂਰੇ ਕਰਨੇ ਪੈਂਦੇ ਹਨ, ਪਰ ਇਖਲਾਕੀ ਤੇ ਰੂਹਾਨੀ ਫ਼ਰਜ਼ ਸ਼ਨਾਸੀ ਲਈ ਗਿਆਨ ਦੀ ਓਟ ਲੈਣੀ ਪੈਂਦੀ ਹੈ।

ਮੇਰੀ ਸੋਚ ਦਾ ਮੰਤਵ ਸਰਬੱਤ ਦਾ ਭਲਾ ਹੈ। ਪਰ ਮੇਰੀ ਗਤੀਵਿਧੀ ਦਾ ਮਨੋਰਥ ਸਾਂਝੀਵਾਲਤਾ ਹੈ। ਮੇਰੀ ਸੋਚ ਦੇ ਦਾਇਰੇ ਵਿੱਚ ਸਾਰਾ ਵਿਸ਼ਵ ਸਮਾ ਸਕਦਾ ਹੈ, ਪਰ ਗਤੀਵਿਧੀ ਦਾ ਦਾਇਰਾ ਬਹੁਤ ਸੀਮਤ ਹੈ। ਮੇਰੀਆਂ ਗਤੀਵਿਧੀਆਂ ਦਾ ਮਕਸਦ ਕਿਰਤੀ ਲੋਕਾਂ ਦੀ ਖ਼ੁਸ਼ਹਾਲੀ ਹੈ।

ਜੇ ਕਿਰਤੀ ਦੀ ਪ੍ਰਕਿਰਤੀ ਜਾਣਨੀ ਹੋਵੇ ਤਾਂ ਪ੍ਰੋ. ਪੂਰਨ ਸਿੰਘ ਦਾ ਲੇਖ 'ਕਿਰਤ' ਪੜ੍ਹਿਆ ਜਾ ਸਕਦਾ ਹੈ, ਜਿਹਦੇ ਵਿੱਚ ਉਨ੍ਹਾਂ ਦੱਸਿਆ ਹੈ ਕਿ "ਜਿਸ ਦੇ ਹੱਥ ਵਿੱਚ ਕਿਰਤ ਨਹੀਂ, ਉਹ ਨਿਕੰਮਾ ਆਦਮੀ ਹੈ... ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ... ਸੁੱਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ-ਮੁਹਾਰੇ ਪਾਕ ਹੋ ਜਾਂਦੇ ਹਨ ... ਮਾਨਿਸਕ ਚਿਤਵਨ ਕਿੰਨਾ ਹੀ ਉੱਚਾ ਹੋਵੇ, ਰੂਹ ਸਾਫ਼ ਨਹੀਂ ਕਰਦਾ, ਮੈਲਾ ਕਰਦਾ ਹੈ... ਸੁੱਚੀ ਕਿਰਤ ਰੱਬ ਦੀ ਪੂਜਾ ਹੈ, ਕਿਉਂਕਿ ਸਾਧ ਤੇ ਕਿਰਤੀ ਦੇ ਲੱਛਣ ਮਿਲਦੇ ਹਨ ... ਆਪਣੇ ਕਸਬੇ ਵਿੱਚ ਹਰ ਇਕ ਕਿਰਤੀ ਦੇ ਅੰਦਰ ਕੁਦਰਤੀ ਸਾਦਗੀ ਤੇ ਬੇਪਰਵਾਹੀ ਹੁੰਦੀ ਹੈ... ਉਹ ਕਿੱਥੇ ਫੁਰਸਤ ਹੁੰਦੀ ਹੈ ਕਿ ਉਹ ਆਪਣੇ ਕੱਪੜਿਆਂ ਦੀਆਂ ਸਿਲਵਟਾਂ ਵੱਲ ਤੱਕੇ ਯਾ ਆਪਣੇ ਖ਼ੁਦ ਬਣ ਗਏ ਵੈਰੀਆਂ ਦੀਆਂ ਚੋਟਾਂ ਦਾ ਖਿਆਲ ਕਰੇ... ਕੰਮ ਵਿੱਚ ਲੱਗੇ ਆਦਮੀ ਸਹਿਜੇ ਹੀ ਕੁਛ ਆਪੇ ਦਾ ਰਸ ਮਾਣਦੇ ਹਨ, ਅਰ ਉਹ ਨਿੰਦਿਆ-ਉਸਤਤ ਦੋਹਾਂ ਥੀਂ ਅਤੀਤ ਜਿਹੇ ਹੁੰਦੇ ਹਨ ...ਸ਼ਿਕਵਾ ਵੀ ਨਾ ਕਰਨਾ ਕੋਈ ਜਹਾਲਤ ਦੀ ਗੱਲ ਨਹੀਂ, ਇਹ ਕਿਰਤ ਦਵਾਰਾ ਸਹਿਜ ਸੁਭਾ ਟਿਕੇ, ਭਾਵੇਂ ਭੋਲੇ ਭਾਵ ਵਿੱਚ ਟਿਕੇ ਮਨ ਦਾ ਲੱਛਣ ਹੈ... ਉਹ ਵਿੱਦਿਆ ਅਵਿੱਦਿਆ ਹੈ ਜਿਹੜੀ ਮਾਨਿਸਕ ਜੂਏ ਨੂੰ ਤੇ ਅਨੇਕ ਚਿਤਵਨਾਂ ਤੇ ਮਨ-ਘੜਿਤ ਮਸਿਲਿਆਂ ਨੂੰ ਕੁਦਰਤ ਤੇ ਕਾਦਰ ਦੇ ਰੰਗ ਥੀਂ ਜੁਦਾ ਕੀਤੇ ਮਨ ਤੇ ਖਿਆਲਾਂ ਨੂੰ ਕੋਈ ਹੈਸੀਅਤ ਦਿੰਦੀ ਹੈ ਤੇ ਉਹ ਅਵਿੱਦਿਆ ਵਿੱਦਿਆ ਰੂਪ ਹੈ, ਜਿਹੜੀ ਕੁਦਰਤ ਦੇ ਰੂਹ ਨਾਲ ਅਭੇਦ ਹੋ ਉਸੀ ਕਾਦਰ ਦੇ ਰੰਗ ਵਿੱਚ ਕਿਰਤ ਕਰਦੀ ਸਾਹ ਲੈਂਦੀ ਹੈ।"

ਜੇ ਕਿਰਤੀ ਦੇ ਦਰਸ਼ਨ ਕਰਨੇ ਹੋਣ ਤਾਂ ਪੰਜਾਬੀ ਦੇ ਨਾਮਵਰ ਅਤੇ ਸਮਰੱਥ ਕਹਾਣੀਕਾਰ ਮੋਹਣ ਭੰਡਾਰੀ ਦੀ ਕਹਾਣੀ 'ਘੋਟਣਾ' ਪੜ੍ਹੀ ਜਾ ਸਕਦੀ ਹੈ, ਜਿਹਦੇ ਵਿੱਚ ਆਪਣੇ ਧੀ ਜੁਆਈ ਕੋਲ ਸ਼ਹਿਰ ਆਏ ਪੇਂਡੂ ਕਿਰਤੀ ਕਿਸ਼ਨੇ ਦਾ ਚਿਤਰਣ ਇਸ ਤਰਾਂ ਪੇਸ਼ ਕੀਤਾ ਹੈ: ਉਹ ਆਪਣੀ ਸਾਰੀ ਜ਼ਿੰਦਗੀ 'ਚ ਐਨਾ ਉਦਾਸ ਕਦੇ ਨਹੀਂ ਸੀ ਹੋਇਆ। (ਸ਼ਹਿਰ ਵਿੱਚ ਆ ਕੇ ਵੇਹਲਾ ਰਹਿਣ ਕਰਕੇ) ਉਹਨੂੰ ਲੱਗਿਆ ਜਿਵੇਂ ਉਹਦੇ ਅੰਦਰ ਕੋਈ ਫੋੜਾ ਰਿਸ ਰਿਹਾ ਹੋਵੇ। ਇਕ ਖਲਾਅ ਜਿਹਾ ਪੈ ਗਿਆ ਹੋਵੇ। ਸੱਚੇ ਕਿਰਤੀਆਂ ਦਾ ਮਨੋਰਥ ਮੁਨਾਫਾ ਨਹੀਂ ਹੁੰਦਾ, ਬਲਿਕ ਧਰਮ ਹੁੰਦਾ ਤੇ ਉਨਾਂ ਲਈ ਧਰਮ ਦਾ ਅਰਥ ਸਿਰਫ ਤੇ ਸਿਰਫ ਸੱਚੀ ਸੁੱਚੀ ਕਿਰਤ ਕਰਦੇ ਰਹਿਣਾ ਹੁੰਦਾ ਹੈ। ਉਨਾਂ ਲਈ ਵਿਹਲੇ ਰਹਿਣਾ ਜਾਂ ਬਹਿਣਾ ਅਧਰਮ ਹੁੰਦਾ ਹੈ।

ਅੱਜ ਨਾ ਕਿਰਤ ਦਿਵਸ ਹੈ ਤੇ ਨਾ ਹੀ ਪ੍ਰੋ. ਪੂਰਨ ਸਿੰਘ ਦਾ ਜਨਮ ਦਿਨ ਹੈ। ਪਰ ਮੇਰਾ ਵਿਸ਼ਵਾਸ ਹੈ ਕਿ ਹਰ ਰੋਜ਼ ਹੀ ਕਿਰਤ ਦਿਵਸ ਹੁੰਦਾ ਹੈ ਤੇ ਪ੍ਰੋ.ਪੂਰਨ ਸਿੰਘ ਜਹੇ ਪੂਰਨ-ਪੁਰਖਾਂ ਦਾ ਜਨਮ ਦਿਨ ਵੀ ਹਰ ਰੋਜ਼ ਹੁੰਦਾ ਹੈ। ਅੱਜ ਮੋਹਣ ਭੰਡਾਰੀ ਜੀ ਦਾ ਜਨਮ ਦਿਨ ਵੀ ਨਹੀਂ ਹੈ। ਆਉ, ਪ੍ਰੋ. ਪੂਰਨ ਸਿੰਘ ਦੀ ਯਾਦ ਪ੍ਰਣਾਮ ਕਰੀਏ ਕਿ ਉਨਾਂ ਨੇ ਆਪਣੇ ਨਿਬੰਧ ਰਾਹੀਂ ਸਾਨੂੰ ਕਿਰਤੀ ਦੀ ਪ੍ਰਕਿਰਤੀ ਦੱਸੀ ਹੈ ਤੇ ਮੋਹਣ ਭੰਡਾਰੀ ਜੀ ਮੁਬਾਰਕ ਦੇਈਏ ਜੁ ਉਨਾਂ ਨੇ ਆਪਣੀ ਕਹਾਣੀ ਰਾਹੀਂ ਸਾਨੂੰ ਕਿਰਤੀ ਦੇ ਦਰਸ਼ਣ ਕਰਵਾਏ ਹਨ। ਅਸੀਂ ਇਸ ਦਰਪਣ ਵਿੱਚ ਖ਼ੁਦ ਦੇ ਦੀਦਾਰ ਵੀ ਕਰ ਸਕਦੇ ਹਾਂ ਕਿ ਅਸੀਂ ਕੀ ਹਾਂ ਤੇ ਕਿੱਥੇ ਖੜ੍ਹੇ ਹਾਂ।

ਆਉ, ਇਨ੍ਹਾਂ ਦਸਤੇਮੁਬਾਰਕ ਨੂੰ ਪ੍ਰਣਾਮ ਕਰੀਏ, ਜਿਨ੍ਹਾਂ ਲਈ ਮੁਆਵਜ਼ਾ, ਰਾਹਤ ਅਤੇ ਸਹੂਲਤ ਜਿਹੇ ਤਮਾਮ ਸ਼ਬਦ ਬੇਤੁਕੇ ਅਤੇ ਬੇਮਾਇਨਾ ਹਨ। ਸੱਚੇ ਕਿਰਤੀ ਦੇ ਹੱਥਾਂ ਵਿੱਚ ਆਲਸ, ਸਿਰ ਵਿੱਚ ਸੁਸਤੀ ਤੇ ਸੁਰਤ ਵਿੱਚ ਘੁਮੰਡ ਨਹੀਂ ਹੁੰਦਾ। ਉਹਦੀ ਜ਼ੁਬਾਨ 'ਤੇ ਨਾਅਰੇ ਨਹੀਂ, ਸ਼ੁਕਰ ਹੁੰਦਾ ਹੈ ਤੇ ਸ਼ਿਕਾਇਤਾਂ ਲਈ ਉਹਦੇ ਕੋਲ ਵਕਤ ਕਿੱਥੇ !

**ਸੰਪ: 9417518384**

# ਠੁਮਰੀ ਦਾ ਪੀਰ : ਮੌਜ ਦੀਨ ਖਾਂ

**– ਬਲਬੀਰ ਸਿੰਘ ਕੰਵਲ**

1947 ਵਿੱਚ ਹਾਬਰਸ ਵਾਲਿਆਂ ਵੱਲੋਂ ਛਾਪੇ ਗਏ 'ਸੰਗੀਤ' ਦੀ ਇਕ ਪੁਰਾਣੀ ਕਾਪੀ ਪੜ੍ਹ ਰਿਹਾ ਸਾਂ ਕਿ ਉਸ ਵਿਚ ਮੌਜੁਦੀਨ, ਜਿਸ ਨੂੰ ਪੰਜਾਬ ਵਾਲੇ ਆਪਣੇ ਸਰਲ ਲਹਿਜ਼ੇ ਨਾਲ ਮੌਜ ਦੀਨ ਆਖਦੇ ਹੁੰਦੇ ਸਨ, ਬਾਰੇ ਇਹ ਸਤਰਾਂ ਲਿਖੀਆਂ ਹੋਈਆਂ ਮਿਲੀਆਂ, "ਉਨਕੀ ਸ਼ਾਨ ਕਾ ਠੁਮਰੀ ਗਾਨੇ ਵਾਲਾ ਹਿੰਦੁਸਤਾਨ ਮੇਂ ਅਭੀ ਤੱਕ ਪੈਦਾ ਨਹੀਂ ਹੂਆ।" ਇਹ ਪੜ੍ਹ ਕੇ ਮੈਨੂੰ ਖੁਸ਼ੀ ਭਰੀ ਹੈਰਾਨੀ ਹੋਈ। ਉਹ ਇਸ ਲਈ ਕਿ ਹਾਬਰਸ ਵਾਲੇ ਤਾਂ ਦਿੱਲੀ ਤੋਂ ਪਾਰ ਅਰਥਾਤ ਪੰਜਾਬ ਦੇ ਗਵੱਈਆਂ ਨੂੰ ਬਹੁਤਾ ਕਿਸੇ ਆਗਤ ਜਮਾਂ ਵਿਚ ਨਹੀਂ ਰੱਖਦੇ। ਹਾਲਾਂਕਿ ਸੱਚ ਦਾ ਪੱਲਾ ਫੜਦਿਆਂ, ਇਹ ਸੋਚ ਹੀ ਬੜੀ ਕਮੀਨੀ ਹੈ ਅਤੇ ਪੰਜਾਬ ਵਾਸੀਆਂ ਦਾ ਮੁੱਢ ਤੋਂ ਇਹ ਦੁਖਾਂਤ ਰਿਹਾ ਹੈ ਕਿ ਉਹ ਆਪਣੇ ਐਨੇ ਅਮੀਰ ਵਿਰਸੇ ਦੀ ਸਾਂਭ ਸੰਭਾਲ ਤਾਂ ਰਹੀ ਇੱਕ ਪਾਸੇ, ਇਸ ਪਾਸੇ ਵੱਲ ਧਿਆਨ ਤੱਕ ਵੀ ਨਹੀਂ ਦਿੰਦੇ।

ਹਾਬਰਸ (ਯੂ.ਪੀ.) ਵਾਲਿਆਂ ਦਾ ਮੱਤ ਰਿਹਾ ਕਿ ਇਕ ਪਾਸੇ ਅਤੇ ਪੰਜਾਬੀਆਂ ਦੀ ਮਜਬੂਰੀ ਰਹੀ ਦੂਜੇ ਪਾਸੇ। ਖੁਸ਼ਕਿਸਮਤੀ ਦੀ ਗੱਲ ਸਿਰਫ਼ ਇਹ ਹੈ ਕਿ ਠੁਮਰੀ ਦੇ ਇਸ ਥੰਮ੍ਹ ਗਵੱਈਏ ਬਾਰੇ ਬੰਗਾਲੀ ਦੇ ਪ੍ਰਸਿੱਧ ਲੇਖਕ ਅਮੀਆ ਸਾਨਿਆਲ ਨੇ ਆਪਣੀ ਇਕ ਕਿਰਤ ਵਿੱਚ ਉਸ ਦਾ ਉਲੇਖ ਜ਼ਰੂਰ ਕਰ ਛੱਡਿਆ ਹੈ। ਏਸੇ ਤਰ੍ਹਾਂ ਬੰਗਾਲ ਦੇ ਹੀ ਇਕ ਹੋਰ ਬੜੇ ਵੱਡੇ ਸੰਗੀਤ ਪਾਰਖੂ ਪ੍ਰੋ. ਡੀ. ਪੀ. ਮੁਖਰਜੀ, ਜਿਹੜੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਢੇਰ ਸਮਾਂ ਪੜ੍ਹਾਉਂਦੇ ਰਹੇ, ਨੇ ਵੀ ਉਸ ਬਾਰੇ ਆਉਣ ਵਾਲੀਆਂ ਨਸਲਾਂ ਲਈ ਆਪਣੇ ਅਨੁਭਵ ਛੱਡੇ ਹਨ। ਪ੍ਰੋ. ਮੁਖਰਜੀ ਦੀਆਂ ਲਿਖੀਆਂ ਗਈਆਂ ਗੱਲਾਂ ਕਿਉਂਕਿ ਸੰਨਦੀ ਹੈਸੀਅਤ ਰੱਖਦੀਆਂ ਹਨ, ਇਸ ਲਈ ਹਵਾਲੇ ਵਜੋਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ–

"ਮੌਜਦੀਨ ਖਾਂ ਬੇਹੱਦ ਪ੍ਰਸਿੱਧੀ ਦੇ ਮਾਲਕ ਗਵੱਈਏ ਸਨ, ਉਨ੍ਹਾਂ ਦੇ ਘਰਾਣੇ ਬਾਰੇ ਕੁਝ ਨਹੀਂ ਪਤਾ। ਏਧਰ-ਓਧਰ ਲੋਕੀਂ ਕਾਨਾਫੂਸੀਆਂ ਕਰਦੇ ਸੁਣੇ ਜਾਂਦੇ ਸਨ ਕਿ ਉਸ ਨੇ ਸੰਗੀਤ ਸੰਬੰਧੀ ਕਿਸੇ ਕੋਲੋਂ ਕੋਈ ਵਿੱਦਿਆ ਪ੍ਰਾਪਤ ਨਹੀਂ ਸੀ ਕੀਤੀ। ਮੈਨੂੰ ਇਸ ਗੱਲ ਦਾ ਯਕੀਨਨ ਇਲਮ ਹੈ ਕਿ ਉਹ ਨੇੜੇ ਦੇ ਦੋ ਰਾਗਾਂ ਵਿਚ ਤਮੀਜ਼ ਨਹੀਂ ਸਨ ਕਰ ਸਕਦੇ। ਪਰ ਜਦ ਉਹ ਗਣਪਤ ਰਾਓ ਅਤੇ ਮਿਰਜ਼ਾ ਸਾਹਿਬ ਦੇ ਨਾਲ ਹਰਮੋਨੀਅਮ ਤੇ ਠੁਮਰੀ ਗਾਉਂਦੇ ਸਨ ਤਾਂ ਉਨ੍ਹਾਂ ਨੂੰ ਹੋਰ ਕਿਸੇ ਚੀਜ਼ ਦੀ ਸੁੱਧ-ਬੁੱਧ ਨਹੀਂ ਸੀ ਰਹਿੰਦੀ। ਚੋਟੀ ਤੋਂ ਚੋਟੀ ਦੇ ਧਰੁੱਪਦੀਏ ਅਤੇ ਖਿਆਲੀਏ ਉਸ ਨੂੰ ਪੂਰੀ ਮਹਿਵੀਅਤ ਨਾਲ ਸੁਣਦੇ ਸਨ। ਮੇਰੇ ਖਿਆਲ ਵਿਚ ਹਿੰਦੁਸਤਾਨ ਨੇ ਠੁਮਰੀ ਦਾ ਉਸ ਨਾਲੋਂ ਚੰਗਾ ਗਵੱਈਆ ਪੈਦਾ ਨਹੀਂ ਕੀਤਾ।

ਇਕ ਸੁਹਾਵਣੀ ਸਵੇਰ ਫਿਆਜ਼ ਖਾਂ ਨੇ ਦੋ ਹਜ਼ਾਰ ਦੇ ਮਜ਼ਮੇ ਨੂੰ 'ਬਾਜੂਬੰਦ ਖੁਲ ਖੁਲ ਜਾਏ' ਕੋਈ ਡੇਢ ਘੰਟੇ ਤੱਕ ਸੁਣਾਇਆ ਤਾਂ ਸਰੋਤਿਆਂ ਨੂੰ ਰੋੜ੍ਹ ਕੇ ਲੈ ਗਏ ਸਨ। ਉਨ੍ਹਾਂ 'ਤੇ ਤਗਮਿਆਂ ਅਤੇ ਇਨਾਮਾਂ ਦੀ ਬੂੰਦਾਬਾਂਦੀ ਨਹੀਂ, ਬੁਛਾੜ ਹੁੰਦੀ ਸੀ। ਪਰ ਇਸ ਗੀਤ ਨੂੰ ਜਦੋਂ ਮੌਜੁਦੀਨ ਖਾਂ ਗਾਉਂਦਾ ਤਾਂ ਉਸ ਵਿਚ ਵਧੇਰੇ ਝੁਲਾਵਟ ਅਤੇ ਨਜ਼ਾਕਤ ਹੁੰਦੀ ਸੀ ਅਤੇ ਇਰਾਦੇਬਾਜ਼ੀ ਦਾ ਉਹ ਅਸਰ ਹੁੰਦਾ ਸੀ ਕਿ ਰਹੇ ਰੱਬ ਦਾ ਨਾਂ, ਜਿਹੜਾ ਕਿ ਠੁਮਰੀ ਦੀ ਜਾਨ ਹੈ। ਮੌਜਦੀਨ ਬਾਰੇ ਗੱਲ ਕਰਨ ਸਮੇਂ ਜ਼ਬਤ ਅਤੇ ਤਕਨੀਕ ਦੀ ਰਵਾਇਤੀ ਜ਼ੁਬਾਨ ਵਰਤਣੀ ਸੰਭਵ ਨਹੀਂ। ਇਸ ਜੀਨੀਅਸ ਨੇ, ਜਿਸ ਦਾ ਕੋਈ ਉਸਤਾਦ ਨਹੀਂ ਸੀ, ਜੇਕਰ ਗਿਰਜਾ ਬਾਬੂ (ਗਿਰਜ਼ਾ ਸ਼ੰਕਰ ਚੱਕਰਵਰਤੀ) ਨੂੰ ਨਾ ਗਿਣਿਆ ਜਾਏ, ਕੋਈ ਸ਼ਾਗਿਰਦ ਵੀ ਨਹੀਂ ਛੱਡਿਆ। ਉਹ ਸ਼ਰਾਬ ਸਾਕਬ ਵਾਂਗ ਸੰਗੀਤ ਦੇ ਅਸਮਾਨ 'ਤੇ ਨਮੂਦਾਰ ਹੋਇਆ ਅਤੇ ਰੌਸ਼ਨੀ ਫੈਲਾ ਕੇ ਗਾਇਬ ਹੋ ਗਿਆ। ਉਸ ਦੀ ਯਾਦਗਾਰ ਕੁਝ ਤਵੇ ਹਨ, ਅਫਸੋਸ ਉਹ ਵੀ ਦੁਬਾਰਾ ਨਹੀਂ ਬਣੇ।

ਉਸ ਦੇ ਪਿੱਛੋਂ ਮੈਂ ਠੁਮਰੀ ਦੇ ਕਈ ਪਹਿਲੇ ਦਰਜੇ ਦੇ ਗਵੱਈਆਂ ਨੂੰ ਸੁਣਿਆ ਹੈ, ਪਰ ਮੈਂ ਉਨ੍ਹਾਂ ਨੂੰ ਉਸਤਾਦ ਦਾ ਦਰਜਾ ਨਹੀਂ ਦੇ ਸਕਦਾ। ਬੇਪੀਰੇ ਇਸ ਫ਼ਨਕਾਰ ਨੇ, ਜਿਸ ਨੂੰ ਆਪਣੀ ਵਿਰਾਸਤ 'ਤੇ ਵੀ ਫ਼ਖਰ ਨਹੀਂ ਸੀ, ਘੱਟੋ-ਘੱਟ

ਹਿੰਦੁਸਤਾਨੀ ਮੌਸੀਕੀ ਦੀ ਇਕ ਸਿਨਫ਼, ਠੁਮਰੀ ਦੀ ਧਾਰਾ ਨੂੰ ਬਦਲ ਕੇ ਰੱਖ ਦਿੱਤਾ, ਇਸ ਦੀ ਹੈਸੀਅਤ ਨੂੰ ਉੱਚਿਆਂ ਕਰਕੇ ਹੁਸਨ ਬਖ਼ਸ਼ਿਆ। ਇਸ ਨੂੰ ਨਵਾਂ ਆਕਾਰ ਅਤੇ ਵਕਾਰ ਪ੍ਰਦਾਨ ਕੀਤਾ।

ਉੱਚ ਕੋਟੀ ਦੇ ਆਲਮ ਪ੍ਰੋ. ਸਾਹਿਬ ਦੇ ਕਥਨ ਤੋਂ ਇਕ ਬੜੀ ਵੱਡੀ ਗੱਲ ਜਿਹੜੀ ਉੱਭਰ ਕੇ ਸਾਹਮਣੇ ਆਉਂਦੀ ਹੈ, ਉਹ ਇਹ ਕਿ ਉਹ ਕੁਝ ਹਾਲਤਾਂ ਵਿਚ ਆਫਤਾਬਿ-ਮੌਸੀਕੀ ਉਸਤਾਦ ਫਿਆਜ਼ ਖਾਂ ਤੋਂ ਵੀ ਚੰਗਾ ਗਾ ਲੈਂਦਾ ਸੀ। ਇਥੇ ਇਹ ਗੱਲ ਸਾਨੂੰ ਪੰਜਾਬ ਦੇ ਇਕ ਹੋਰ ਸੰਗੀਤਕਾਰ ਕਰਮ ਸਿੰਘ ਚੱਕਰਵਰਤੀ, ਜਿਨ੍ਹਾਂ ਨੇ ਮੌਜੁਦੀਨ ਨੂੰ ਕੋਲ ਬਹਿ ਕੇ ਆਪ ਸੁਣਿਆ, ਕਹਿੰਦੇ ਹੁੰਦੇ ਸਨ ਕਿ ਉਸ ਨੂੰ ਸੁਣਨ ਉਪਰੰਤ ਕੁਝ ਬੰਦੇ ਅਜਿਹੀਆਂ ਗੱਲਾਂ ਵੀ ਕਰਦੇ ਸੁਣੇ ਗਏ ਕਿ ਜਿੰਨਾ ਗਲਾ ਇਸ ਦਾ ਫਿਰਦਾ ਹੈ, ਐਨਾ ਤਾਂ ਖਬਰੇ ਬੜੇ ਗੁਲਾਮ ਅਲੀ ਖਾਂ ਦੇ ਚਾਚੇ ਉਸਤਾਦ ਖਾਲੇ ਖਾਂ ਕਸੂਰੀਏ ਦਾ ਵੀ ਨਹੀਂ ਫਿਰਿਆ ਹੋਣਾ।

ਪ੍ਰੋ. ਮੁਖਰਜੀ ਵੱਲੋਂ ਲਿਖੀਆਂ ਗਈਆਂ ਇਹ ਸਤਰਾਂ ਭਾਵੇਂ ਇਕ ਦਸਤਾਵੇਜ਼ੀ ਹੈਸੀਅਤ ਰੱਖਦੀਆਂ ਹਨ ਤਾਂ ਵੀ ਇਨ੍ਹਾਂ ਵਿਚ ਇਕ-ਦੋ ਨਿੱਕੇ ਮੋਟੇ ਟਪਲੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਮੌਜੁਦੀਨ, ਜਿਨ੍ਹਾਂ ਦਾ ਜਨਮ ਨਾਲਾਗੜ (ਪੰਜਾਬ) ਵਿਖੇ 1875 ਵਿਚ ਹੋਇਆ ਸੀ, ਨੂੰ ਤੁਸੀਂ ਬੇਪੀਰਾ ਨਹੀਂ ਆਖ ਸਕਦੇ, ਕਿਉਂਕਿ ਸਭ ਤੋਂ ਪਹਿਲਾਂ ਸੰਗੀਤ ਦੀ ਵਿੱਦਿਆ ਉਸ ਨੇ ਆਪਣੇ ਪਿਤਾ ਗੁਲਾਮ ਹੁਸੈਨ (ਕੀ ਉਹ ਕਾਕੜਾ ਤਾਂ ਨਹੀਂ ਸੀ?) ਤੋਂ, ਫਿਰ ਦੂਨੀ ਖਾਂ ਅਤੇ ਰਹਿਮਤ ਖਾਂ ਆਦਿ ਤੋਂ ਲਈ ਸੀ। ਰਹੀ ਉਸ ਦੇ ਸ਼ਾਗਿਰਦਾਂ ਦੀ ਗੱਲ ਕਿ ਗਿਰਜਾ ਬਾਬੂ ਤੋਂ ਛੁੱਟ ਉਸ ਨੇ ਹੋਰ ਕੋਈ ਨਾਮਵਰ ਸ਼ਾਗਿਰਦ ਨਹੀਂ ਛੱਡਿਆ। ਪ੍ਰੋ. ਸਾਹਿਬ ਦੀ ਇਸ ਗੱਲ ਨਾਲ ਵੀ ਮੈਂ ਸਹਿਮਤ ਨਹੀਂ, ਕਿਉਂਕਿ ਗਿਰਜਾ ਸ਼ੰਕਰ ਚੱਕਰਵਰਤੀ ਤੋਂ ਛੁੱਟ ਉਸ ਦੇ ਸ਼ਾਗਿਰਦਾਂ ਵਿਚ ਬੜੀ ਮੋਤੀ ਬਾਈ, ਮਲਿਕਾ ਜਾਨ ਪ੍ਰਸਿੱਧ ਐਕਟਰੈੱਸ, ਨਰਗਸ ਦੀ ਮਾਂ ਜੱਦਣ ਬਾਈ ਅਤੇ ਰਸੂਲਨ ਬਾਈ ਵੀ ਸ਼ਾਮਿਲ ਹਨ। ਬਹੁਤ ਪਹਿਲਾਂ ਦੀਆਂ ਗੱਲਾਂ ਹਨ, ਰਿਕਾਰਡ (ਤਵੇ) ਅਜੇ ਨਵੇਂ-ਨਵੇਂ ਹੀ ਈਜਾਦ ਸੀ। ਉਦੋਂ ਰਿਵਾਜ਼ ਇਹ ਸੀ ਕਿ ਗਾਇਕ, ਗਾਇਨ ਦੇ ਅੰਤ ਵਿਚ ਆਪਣਾ ਨਾਂ ਵੀ ਨਾਲ ਬੋਲਦਾ ਸੀ, ਜਿਹੜਾ ਕਿ ਗਾਣੇ ਦੇ ਨਾਲ ਹੀ ਤਵੇ ਵਿਚ ਭਰਿਆ ਜਾਂਦਾ ਸੀ। ਉਸ ਦੌਰ ਦੇ ਤਵੇ ਸੁਣਨ ਉਪਰੰਤ ਪਤਾ ਲੱਗਦਾ ਹੈ ਕਿ ਉਸ ਦੀ ਸ਼ਾਗਿਰਦ ਮਲਿਕਾ ਜਾਨ ਤਾਂ ਆਪਣਾ ਨਾਂ ਦੱਸਣ ਦੇ ਨਾਲ-ਨਾਲ ਆਪਣਾ ਪੂਰਾ ਸਰਨਾਮਾ ਦੱਸਣ ਤੱਕ ਵੀ ਜਾਂਦੀ ਸੀ, "ਮੈਂ ਹੂੰ ਜੀ ਮਲਿਕਾ ਜਾਨ- ਕੋਠੀ ਨੰਬਰ 27, ਮਸਜਦ ਲੇਨ, ਕਲਕੱਤਾ ਕੀ ਰਹਿਨੇ ਵਾਲੀ।"

ਜਿੱਥੋਂ ਤੱਕ ਉਸ ਦੀ ਆਪਣੀ ਆਵਾਜ਼ ਵਿੱਚ ਗਾਈਆਂ ਠੁਮਰੀਆਂ ਦਾ ਸੰਬੰਧ ਹੈ, ਭਾਰਤੀ ਸੰਗੀਤ ਲਈ ਇਹ ਖੁਸ਼ਕਿਸਮਤੀ ਵਾਲੀ ਗੱਲ ਹੀ ਹੈ ਕਿ ਉਸ ਦੇ ਕੁਝ ਤਵੇ ਬੜੀ ਅੱਛੀ ਹਾਲਤ ਵਿਚ ਮਿਲ ਜਾਂਦੇ ਹਨ। 'ਸਈਆਂ ਬਿਨ ਨਾ ਆਵਤ ਚੈਨ', 'ਜਾਦੂ ਕੀ ਪੁੜੀਆਂ ਭਰ ਭਰ ਮਾਰ' (ਰਿਕਾਰਡ ਨੰਬਰ 12930/31) 'ਪ੍ਰਾਈ ਮੋਰੀ ਅੱਖੀਆਂ', 'ਰਾਜਾ ਹਮ ਸੇ ਨਾ ਬੋਲੋ' ਅਤੇ 'ਰੰਗ ਦੇਖ ਜੀਅਰਾ ਲਲਚਾਏ' (ਪੀ : 807) ਵਿੱਚ ਇਹ ਦੋਵੇਂ ਬੜੇ ਅੱਛੇ ਰਿਕਾਰਡ ਹਨ। ਗੰਭੀਰ, ਦਮਦਾਰ (ਟੈਂਟੀ ਨਹੀਂ) ਭਾਵਪੂਰਤ ਢੰਗ ਅਤੇ ਸੁਰ ਪ੍ਰਧਾਨ ਗਾਇਕੀ ਉਸ ਦੀ ਵਿਸ਼ੇਸ਼ਤਾ ਸੀ। ਸੁਰਾਂ ਦੀ ਰਚਨਾ ਉਹ ਐਨੇ ਕਲਾਤਮਕ ਢੰਗ ਨਾਲ ਕਰਦਾ ਸੀ ਕਿ ਉਸ ਦਾ ਹਰ ਆਲਾਪ, ਹਰ ਇਕ ਤਾਨ ਅਤੇ ਇਰਾਦੇਬਾਜ਼ੀਆਂ ਮਨ 'ਤੇ ਕੁਝ ਵਚਿੱਤਰ ਪ੍ਰਭਾਵ ਛੱਡਦੇ ਸਨ। ਗਾਉਣ ਸਮੇਂ ਠੁਮਰੀ ਦੇ ਬੋਲਾਂ ਅਤੇ ਭਾਵਾਂ ਨੂੰ ਉਹ ਅਜਿਹੀ ਪ੍ਰਮੁੱਖਤਾ ਬਖ਼ਸ਼ਦਾ ਸੀ, ਜਿਹੜਾ ਉਸਦਾ ਹੀ ਹਿੱਸਾ ਸੀ। ਜਿਨ੍ਹਾਂ ਲੋਕਾਂ ਨੇ ਵੀ ਉਸ ਨੂੰ ਸੁਣਿਆ ਹੈ, ਦੱਸਦੇ ਹਨ ਕਿ ਉਸਦਾ ਗਾਣਾ ਸੁਣ ਕੇ ਗੌਹਰ ਜਾਨ ਵਰਗੀ ਦਬੰਗ ਅਤੇ ਗੁਸਤਾਖ਼ ਔਰਤ ਦੀਆਂ ਅੱਖੀਆਂ ਵੀ ਅੱਥਰੂਆਂ ਨਾਲ ਭਰ ਜਾਂਦੀਆਂ ਸਨ। ਹਾਲਾਂਕਿ ਸੁਭਾਅ ਅਨੁਸਾਰ ਉਹ ਅਜਿਹੀ ਔਰਤ ਨਹੀਂ ਸੀ।

ਅਗਾਂਹ ਫਿਰ ਏਸੇ ਗੌਹਰ ਜਾਨ ਦੇ ਮੁਕਾਬਲੇ 'ਤੇ ਗਾਉਣ ਲਈ ਪਿਆਰਾ ਸਾਹਿਬ ਸੱਯਦ ਵੀ ਏਸੇ ਮੌਜੁਦੀਨ ਦਾ ਹੀ ਸ਼ਗਿਰਦ ਬਣਿਆ ਸੀ। ਦੱਸਿਆ ਜਾਂਦਾ ਹੈ ਕਿ "ਇਨ ਦਿਨੋਂ ਜੋਸ਼ਿ-ਜਨੂੰ ਹੈ- ਤੇਰੇ ਦੀਵਾਨੇ ਕੋ" ਉਨੀਂ ਦਿਨੀਂ ਪਿਆਰਾ ਸਾਹਿਬ ਦਾ ਇਹ 'ਕੱਲਾ ਤਵਾ ਕੁਝ ਦਿਨਾਂ ਵਿੱਚ ਹੀ ਇਕ ਲੱਖ ਵਿਕ ਗਿਆ ਸੀ।

ਮੌਜੁਦੀਨ ਦੀਆਂ ਗਾਈਆਂ ਗਈਆਂ ਚੀਜ਼ਾਂ ਸੁਣ ਕੇ ਇਹ ਗੱਲ ਬਗੈਰ ਕਿਸੇ ਸ਼ੱਕ ਮੰਨਣੀ ਪੈਂਦੀ ਹੈ ਕਿ ਸੱਚਮੁੱਚ ਹੀ ਉਹ ਭਾਰਤੀ ਠੁਮਰੀ ਦਾ ਪੀਰ ਸੀ। ਸੰਗੀਤ ਦੇ ਹਲਕਿਆਂ ਵਿਚ ਉਸ ਨੂੰ 'ਸ਼ਰੁਤੀਧਾਰ' ਕਰ ਕੇ ਜਾਣਿਆ ਜਾਂਦਾ ਸੀ। ਇਸ ਥਾਂ ਜੇਕਰ ਅਸੀਂ 'ਸ਼ਰੁੱਤੀਧਾਰ' ਦਾ ਅਰਥ ਵੀ ਦੱਸਦੇ ਚਲੀਏ ਤਾਂ ਠੀਕ ਰਹੇਗਾ। ਭਾਰਤੀ ਸੰਗੀਤ ਦੇ

ਲੰਮੇ ਚੌੜੇ ਇਤਿਹਾਸ ਵਿਚ ਕਿਸੇ ਗਾਇਕ ਵਜਾਇਕ ਨੇ ਇਹ ਲਕਬ ਆਪਣੇ ਨਾਂ ਨਾਲ ਆਪਣੇ ਆਪ ਹੀ ਲਾ ਲਿਆ ਹੋਵੇ ਤਾਂ ਬੜੀ ਗੱਲ ਨਹੀਂ, ਪਰ ਉਂਜ ਇਹ ਯੋਗ ਅਹੁਦਾ ਅਸਲ ਵਿਚ ਅਮੀਰ ਖੁਸਰੋ ਨੂੰ ਹੀ ਦਿੱਤਾ ਗਿਆ ਸੀ। ਉਸ ਦੀ ਤੇਲੀਆ (ਫੋਟੋਗ੍ਰਾਫਿਕ) ਬੁੱਧੀ, ਯਾਦਦਾਸ਼ਤ/ਕਾਬਲੀਅਤ ਕਰਕੇ ਜੋ ਚੀਜ਼ ਵੀ ਕਿਸੇ ਨੇ ਸੁਣਾਉਣੀ, ਉਸੇ ਵੇਲੇ ਹੀ ਯਾਦ ਕਰਕੇ ਐਨ ਉਸੇ ਤਰ੍ਹਾਂ ਇਨ ਬਿਨ ਸੁਣਾ ਦੇਣੀ। ਇਹ ਅਦੁੱਤੀ ਗੁਣ ਉਸ ਵਿੱਚ ਸੀ। ਇਹੋ ਹੀ ਹਾਲ ਉਸ ਕਲਾਕਾਰ ਦਾ ਸੀ। ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਉਹ ਕਲਕੱਤਾ ਵਿਖੇ ਰਿਹਾ। ਉਥੇ ਉਸ ਨੂੰ ਭਈਆ ਗਣਪਤ ਰਾਓ ਨੇ, ਜਿਹੜਾ ਕਿ ਮਹਾਰਾਜਾ ਗਵਾਲੀਅਰ ਮਾਧਵ ਰਾਓ ਸਿੰਧੀਆ ਦਾ ਛੋਟਾ ਸਕਾ ਭਰਾ ਸੀ, ਆਪਣੇ ਕੋਲ ਸੱਦ ਲਿਆ ਸੀ ਅਤੇ ਇਹ ਦੋਵੇਂ ਮਹਾਨ ਸੰਗੀਤਕਾਰ ਉਥੇ ਹੀ ਹੈਰੀਸਨ ਰੋਡ 'ਤੇ ਸਥਿਤ ਇਕ ਹਵੇਲੀ ਵਿਚ ਰਹਿਣ ਲੱਗ ਪਏ ਸਨ। ਅਖੀਰਲੀ ਉਮਰੇ ਇੰਜ ਜਾਪਦਾ ਹੈ ਕਿ ਉਸ ਦੀਆਂ ਦੋ ਸ਼ਾਗਿਰਦਾਂ ਬੜੀ ਮੋਤੀ ਬਾਈ ਅਤੇ ਰਸੂਲਨ ਬਾਈ ਉਸ ਨੂੰ ਆਪਣੇ ਕੋਲ ਬਨਾਰਸ ਲੈ ਆਈਆਂ ਸਨ। ਉਸ ਦੀ ਮੌਤ ਬੜੇ ਰਹੱਸਮਈ ਹਾਲਾਤ 'ਚ ਹੋਈ। ਅਸਲ ਵਿਚ ਉਹ ਮੁਲਕਾਂ ਜਾਨ ਆਗਰਾ ਵਾਲੀ ਨਾਲ ਅੱਖੀਆਂ ਲਾ ਬੈਠਾ। ਪਰ ਉਸ ਨੇ ਕੋਠੇ ਵਾਲੀਆਂ ਵਾਂਗ ਹੀ ਗੱਲ ਕੀਤੀ। ਉਸ ਨੇ ਬੇਵਫ਼ਾਈ ਇਹ ਕੀਤੀ ਕਿ ਉਹ ਉਸਤਾਦ ਫਿਆਜ਼ ਖਾਂ ਵੱਲ ਵਧੇਰੇ ਆਕਰਸ਼ਤ ਰਹਿਣ ਲੱਗ ਪਈ। ਉਹ ਦੋਹਾਂ ਨਾਲ ਅੱਖ ਮਟੱਕਾ ਕਰਦੀ ਰਹੀ, ਜਿਸ ਦਾ ਝੋਰਾ ਉਸ ਨੂੰ ਵਿੱਚੋ-ਵਿੱਚ ਖਾਣ ਲੱਗ ਪਿਆ। ਉਸ ਦੇ ਇਸ਼ਕ 'ਚ ਅੰਨਾ ਹੋਇਆ ਉਹ ਦਿਨ ਰਾਤ ਸ਼ਰਾਬ ਕੀ ਪੀਣ ਲੱਗਾ ਕਿ ਉਸ ਵਿੱਚ ਗਰਕ ਗਿਆ। ਸਿਹਤ ਖਰਾਬ ਰਹਿਣ ਲੱਗ ਪਈ ਅਤੇ ਆਖਰ ਭਰ ਜਵਾਨੀ ਵਿਚ ਹੀ 1926 ਵਿੱਚ ਉਸ ਦੀ ਮੌਤ ਹੋ ਗਈ।

ਕੀ ਹੋਇਆ, ਹੁਣ ਤੱਕ ਜੇਕਰ ਹਿੰਦੁਸਤਾਨੀ ਸੰਗੀਤ 'ਤੇ ਲਿਖੀਆਂ ਗਈਆਂ ਕਿਤਾਬਾਂ 'ਚ ਉਹਦਾ ਬਹੁਤਾ ਜ਼ਿਕਰ ਨਹੀਂ ਮਿਲਦਾ, ਪਰ ਪੰਜਾਬ ਦੀ ਧਰਤੀ ਦੇ ਵਾਸੀ ਆਪਣੇ ਇਸ ਮਹਾਨ ਪੂਤ 'ਤੇ ਹਮੇਸ਼ਾ ਲਈ ਨਾਜ਼ ਕਰਦੇ ਰਹਿਣਗੇ।

('ਹੁਣ' ਵਿੱਚੋਂ ਧੰਨਵਾਦ ਸਹਿਤ)

ਈਮੇਲ : balbirkanwal@hotmail.com

## ਗ਼ਜ਼ਲ

ਉੱਠ ਪਏ ਨੇ ਸਿੰਘ, ਰਾਮ, ਖ਼ਾਨ ਉੱਠ ਪਏ ਨੇ।
ਸੁੱਤੇ ਪਏ ਦੇਸ਼ ਦੇ, ਕਿਸਾਨ ਉੱਠ ਪਏ ਨੇ।

ਕਾਲ਼ਿਆਂ ਕਾਨੂੰਨਾਂ ਪਿੱਛੇ, ਹੱਥ ਕਿਸੇ ਹੋਰ ਦਾ,
ਉਂਗਲ਼ਾਂ ਕੀ ਉੱਠੀਆਂ, ਤੂਫ਼ਾਨ ਉੱਠ ਪਏ ਨੇ।

ਦਿੱਲੀ ਵੱਲ ਹਰ ਕੋਈ, ਕੂਚ ਕਰੀ ਜਾਂਦਾ ਏ,
ਉੱਠ ਪਏ ਲਿਤਾੜੇ ਤੇ ਬੇਜਾਨ ਉੱਠ ਪਏ ਨੇ।

ਅੱਥਰੀ ਜਵਾਨੀ ਤੁਰੀ, ਆਪ ਮੂਹਰੇ ਲੱਗ ਕੇ,
ਦਾਗੀ ਹੋਏ ਗੱਭਰੂ, ਰਕਾਨ ਉੱਠ ਪਏ ਨੇ।

ਦੇਣਗੇ ਕਰਾਰੀ ਹਾਰ, ਸੱਭੇ ਤ੍ਰਿਸ਼ੂਲ ਨੂੰ,
ਦਾਤੀ, 'ਥੌੜਾ, ਤੱਕੜੀ ਤੇ ਸਾਣ ਉੱਠ ਪਏ ਨੇ।

ਪੁੱਤ ਪਰਦੇਸੀਂ ਜਾਗੇ, ਤੂੰ ਵੀ ਜਾਗ ਦਿੱਲੀਏ,
ਸੁੱਤੇ ਘਰਾਂ ਵਾਲੇ, ਮਹਿਮਾਨ ਉੱਠ ਪਏ ਨੇ।

ਧਰਤੀ ਦੇ ਪੁੱਤ ਰਾਜੇ ਬਣਨਗੇ ਜੀ ਦੇਸ਼ ਦੇ,
ਸੁਣ ਲਉ ਹੈਵਾਨੋ, ਇਨਸਾਨ ਉੱਠ ਪਏ ਨੇ।

ਰੁਪਿੰਦਰ ਸਿੰਘ ਦਿਓਲ
ਕੈਲਗਰੀ(ਕੈਨੇਡਾ)

# ਕੁਆਰੀ ਸੰਨਿਆਸਣ (ਅਮਰੀਕੀ ਕਹਾਣੀ)

**-ਖ਼ਲੀਲ ਜਿਬਰਾਨ**

ਦਾਰਸ਼ਨਿਕ ਨਿਬੰਧਕਾਰ, ਰਹੱਸਵਾਦੀ ਕਵੀ ਤੇ ਚਿੱਤਰਕਾਰ ਖ਼ਲੀਲ ਜਿਬਰਾਨ ਦਾ ਜਨਮ 3 ਜਨਵਰੀ 1883 ਨੂੰ ਲੇਬਨਾਨ ਦੇ ਇੱਕ ਪਿੰਡ ਬਸ਼ਾਰੀ ਵਿੱਚ ਹੋਇਆ ਸੀ। ਗ਼ਰੀਬੀ ਕਰਕੇ ਉਹ ਆਪਣੇ ਪਰਿਵਾਰ ਨਾਲ ਬੋਸਟਨ-ਅਮਰੀਕਾ ਵੱਲ ਪਰਵਾਸ ਕਰ ਗਏ। ਖ਼ਲੀਲ ਜਿਬਰਾਨ ਬਚਪਨ ਤੋਂ ਹੀ ਤੇਜ਼- ਅਕਲ ਤੇ ਹੋਣਹਾਰ ਸਨ।

ਖ਼ਲੀਲ ਜਿਬਰਾਨ ਨੇ ਅਰਬੀ ਵਿੱਚ ਲਿਖਣਾ ਬਹੁਤ ਛੋਟੀ ਉਮਰੇ ਹੀ ਸ਼ੁਰੂ ਕਰ ਦਿੱਤਾ ਸੀ ਤੇ ਬਾਅਦ ਵਿੱਚ ਉਨ੍ਹਾਂ ਨੇ ਅੰਗਰੇਜ਼ੀ ਵਿੱਚ ਵੀ ਲਿਖਣਾ ਸ਼ੁਰੂ ਕਰ ਦਿੱਤਾ। ਖ਼ਲੀਲ ਜਿਬਰਾਨ ਨੇ ਕਰੀਬ 25 ਪੁਸਤਕਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿੱਚੋਂ "ਪੈਗੰਬਰ (The Prophet) ਸਭ ਤੋਂ ਵੱਧ ਮਕਬੂਲ ਹੋਈ। 1931 ਨੂੰ ਨਿਊਯਾਰਕ (ਅਮਰੀਕਾ) ਵਿਚ ਉਹ ਸਦੀਵੀ ਵਿਛੋੜਾ ਦੇ ਗਏ। **-ਸੰਪਾਦਕ**

ਇਕ ਫੁੱਲ ਜਿਸ ਨੂੰ ਕੋਈ ਡੋਰੀ ਛੂਹ ਨਹੀਂ ਸਕਦੀ।
ਉਹ ਕੁਆਰੀ ਸੰਨਿਆਸਣ ਹੀ ਜੀਵੀ ਤੇ ਮਰੀ!

ਦੂਜੇ ਪਾਸੇ ਜਰਨੈਲ ਦੀਆਂ ਫ਼ੌਜਾਂ ਦੀ ਗਿਣਤੀ ਬਹੁਤ ਸੀ ਅਤੇ ਜਰਨੈਲ ਕੋਲ ਹੇਠ ਲਿਖਿਆ ਹੁਕਮ ਜਾਰੀ ਕਰਨ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ।

"ਜ਼ਿੰਦਗੀਆਂ ਤੇ ਗੋਲਾ ਬਰੂਦ ਦੇ ਨੁਕਸਾਨ ਨੂੰ ਬਚਾਉਣ ਲਈ ਸੈਨਾ-ਪਾਲ ਆਦੇਸ਼ ਵਿਧੀ ਅਨੁਸਾਰ ਉਸ ਸ਼ਹਿਰ ਵੱਲ ਵਧਣਾ ਹੈ ਜਿਸ ਦਾ ਦੁਸ਼ਮਣ ਨੂੰ ਪਤਾ ਨਹੀਂ ਹੈ ਅਤੇ ਉਥੇ ਜਾਕੇ ਨਵੀਂ ਯੁੱਧ-ਨੀਤੀ ਦੀ ਵਿਉਂਤ ਬੰਦੀ ਕਰੀਏ। ਅਸੀਂ ਮਾਰੂਥਲ ਵਿਚੋਂ ਦੀ ਚਲਾਂਗੇ ਕਿਉਂਕਿ ਦੁਸ਼ਮਣ ਦੇ ਹੱਥ ਆਉਣ ਨਾਲੋਂ ਅਜਿਹੇ ਰਾਹ ਨੂੰ ਅਪਨਾਉਣਾ ਚੰਗੇਰਾ ਹੈ। ਅਸੀਂ ਈਸਾਈ ਮੱਠਾਂ ਤੇ ਸਾਧ-ਆਸ਼ਰਮਾਂ ਪਾਸੋਂ ਲੰਘਾਂਗੇ ਜਿਹਨਾਂ ਉੱਪਰ ਅਸੀਂ ਸਿਰਫ਼ ਭੋਜਨ ਅਤੇ ਕਰਿਆਨੇ ਦੀਆਂ ਹੋਰ ਵਸਤਾਂ ਪ੍ਰਾਪਤ ਕਰਨ ਲਈ ਕਬਜ਼ਾ ਕਰਾਂਗੇ।"

ਫ਼ੌਜੀ ਟੁਕੜੀਆਂ ਨੇ ਇਸ ਤੇ ਇਤਰਾਜ਼ ਨਾ ਕੀਤਾ ਕਿਉਂਕਿ ਇਸ ਨਾਜ਼ੁਕ ਸਥਿਤੀ ਵਿਚ ਹੋਰ ਕੋਈ ਚਾਰਾ ਵੀ ਨਹੀਂ ਸੀ।

ਉਹ ਕਈ ਦਿਨ ਲਗਾਤਾਰ ਥਕਾਵਟ, ਗਰਮੀ, ਭੁੱਖ ਤੇ ਪਿਆਸ ਨਾਲ ਬੇਹਾਲ ਮਾਰੂਥਲ ਵਿੱਚ ਚੱਲਦੇ ਗਏ। ਇੱਕ ਦਿਨ ਉਹਨਾਂ ਨੇ ਇੱਕ ਬਹੁਤ ਵੱਡੀ ਇਮਾਰਤ ਦੇਖੀ ਜੋ ਇੱਕ ਪ੍ਰਾਚੀਨ ਗੜ੍ਹੀ ਵਾਂਗ ਜਾਪਦੀ ਸੀ। ਇਸ ਦੇ ਗੇਟ ਦੀਵਾਰਾਂ-ਘਿਰੇ ਸ਼ਹਿਰ ਦੇ ਗੇਟਾਂ ਵਰਗੇ ਸਨ। ਇਸ ਨਜ਼ਾਰੇ ਨੇ ਉਹਨਾਂ ਦੇ ਮਨ ਵਿਚ ਹੁਲਾਸ ਲਿਆਂਦਾ। ਉਹਨਾਂ ਨੂੰ ਇਹ ਸਾਧ-ਆਸ਼ਰਮ ਜਾਪਿਆ ਜਿੱਥੇ ਉਹ ਆਰਾਮ ਕਰ ਸਕਦੇ ਸਨ ਤੇ ਉਹਨਾਂ ਨੂੰ ਖਾਣਾ ਵੀ ਮਿਲ ਸਕਦਾ ਸੀ।

ਜਦੋਂ ਉਹਨਾਂ ਨੇ ਗੇਟ ਖੋਲ੍ਹਿਆ ਤਾਂ ਕੁਝ ਪਲਾਂ ਲਈ ਉਹਨਾਂ ਨੂੰ ਕੋਈ ਮਿਲਣ ਨਹੀਂ ਆਇਆ। ਫਿਰ ਇਕ ਕਾਲੀ ਪੌਸ਼ਾਕ ਵਾਲੀ ਇਸਤਰੀ ਗੇਟ 'ਤੇ ਆਈ ਜਿਸ ਦਾ ਦਿਸਣ ਵਾਲਾ ਹਿੱਸਾ ਕੇਵਲ ਉਸਦਾ ਚਿਹਰਾ ਹੀ ਸੀ।

ਉਸ ਨੇ ਕਮਾਂਡਿੰਗ ਅਫ਼ਸਰ ਨੂੰ ਦੱਸਿਆ ਕਿ ਉਹ ਸਥਾਨ ਈਸਾਈ ਮੱਠ ਹੈ ਅਤੇ ਇੱਥੇ ਇਸ ਮੱਠ ਅਨੁਸਾਰ ਹੀ ਵਿਹਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਈਸਾਈ ਸੰਨਿਆਸਣਾਂ ਦਾ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਕੀਤਾ ਜਾਣਾ ਚਾਹੀਦਾ।

ਜਰਨੈਲ ਨੇ ਈਸਾਈ ਸੰਨਿਆਸਣਾਂ ਦੀ ਪੂਰੀ ਹਿਫ਼ਾਜ਼ਤ ਦਾ ਯਕੀਨ ਦੁਆਇਆ ਤੇ ਫ਼ੌਜੀਆਂ ਲਈ ਰੋਟੀ ਪਾਣੀ ਦੀ ਬੇਨਤੀ ਕੀਤੀ। ਫ਼ੌਜੀਆਂ ਦੀ ਖੁੱਲ੍ਹੇ ਮੱਠ ਦੇ ਵਿਹੜੇ ਵਿਚ ਖੂਬ ਸੇਵਾ ਕੀਤੀ ਗਈ।

ਕਮਾਂਡੈਂਟ ਚਾਲੀ ਵਰ੍ਹਿਆਂ ਦਾ ਕਮੀਨਾ ਅਤੇ ਹਾਬੜਿਆ ਹੋਇਆ ਮਨੁੱਖ ਸੀ। ਚਿੰਤਾ ਕਾਰਨ ਤਣਾਓ ਵਿੱਚ ਸੀ। ਉਸ ਨੇ ਆਪਣੇ ਆਪ ਨੂੰ ਆਰਾਮ ਪਹੁੰਚਾਉਣ ਲਈ ਕਿਸੇ ਔਰਤ ਦੀ ਕਾਮਨਾ ਕੀਤੀ ਤੇ ਇਸ ਕੰਮ ਲਈ ਈਸਾਈ ਸੰਨਿਆਸਣ ਨੂੰ ਮਜਬੂਰ ਕਰਨ ਦਾ ਇਰਾਦਾ ਕੀਤਾ। ਇਉਂ ਇਸ ਕਪਟੀ ਦੀ ਹਵਸ ਨੇ ਉਸਨੂੰ ਇਸ ਪਵਿੱਤਰ ਸਥਾਨ ਨੂੰ ਪਤਿਤ ਕਰਨ ਲਈ ਤਿਆਰ ਕੀਤਾ, ਜਿੱਥੇ ਈਸਾਈ ਸੰਨਿਆਸਣਾਂ ਪ੍ਰਭੂ ਨਾਲ ਅਧਿਆਤਮਕ ਸਾਂਝ ਕਾਇਮ ਕਰਦੀਆਂ ਸਨ ਅਤੇ ਨਿਰੰਤਰ ਉਸ ਅੱਗੇ ਪ੍ਰਾਰਥਨਾਵਾਂ ਕਰਦੀਆਂ ਸਨ ਅਤੇ ਉਹ ਰੌਲੇ-ਰੱਪੇ ਤੋਂ ਦੂਰ ਇਸ ਦੀਪ 'ਤੇ

ਭ੍ਰਸ਼ਟ ਸੰਸਾਰ ਤੋਂ ਕਿਨਾਰਾ ਕਰਕੇ ਟਿਕੀਆਂ ਹੋਈਆਂ ਸਨ। ਦਿਵਾ ਕੇ, ਇਹ ਕਮੀਨਾ ਕਮਾਂਡਰ ਉਸ ਪੌੜੀ 'ਤੇ ਚੜ੍ਹ ਗਿਆ ਜੋ ਕਮਰਿਆਂ ਵਿੱਚੋਂ ਇੱਕ ਕਮਰੇ ਤੱਕ ਜਾਂਦੀ ਸੀ। ਉਸ ਵਿੱਚ ਇੱਕ ਈਸਾਈ ਸੰਨਿਆਸਣ ਰਹਿੰਦੀ ਸੀ, ਜਿਸ ਨੂੰ ਇਸ ਨੇ ਬਾਰੀ ਥਾਣੀਂ ਦੇਖਿਆ ਸੀ। ਲਗਾਤਾਰ ਪ੍ਰਾਰਥਨਾ, ਇਕਾਂਤ ਸੀ।ਵਾਸਤੇ ਤੇ ਸਵੈ-ਸੰਜਮ ਨੇ ਵੀ ਉਸਦੇ ਸ਼ਾਂਤ ਚਿਹਰੇ ਅਤੇ ਨਾਰੀ-ਸੌਂਦਰਯ ਦੀਆਂ ਨਿਸ਼ਾਨੀਆਂ 'ਤੇ ਕੋਈ ਅਸਰ ਨਹੀਂ ਸੀ ਪਾਇਆ।ਉਹ ਇੱਥੇ ਪਾਪਾਂ ਭਰੇ ਸੰਸਾਰ ਤੋਂ ਪਨਾਹ ਲੈਣ ਲਈ ਆਈ ਸੀ ਅਤੇ ਇਹ ਉਹ ਪ੍ਰਭੂ-ਪੂਜਾ ਦਾ ਸਥਾਨ ਸੀ, ਜਿੱਥੇ ਦੁਨਿਆਵੀ ਚਿੱਤ ਭਰਮਾਉਣ ਵਾਲੀ ਕੋਈ ਗੱਲ ਨਹੀਂ ਸੀ।

ਸੰਨਿਆਸਣ ਦੇ ਕਮਰੇ ਵਿੱਚ ਪ੍ਰਵੇਸ਼ ਕਰਦਿਆਂ ਉਸ ਅਪਰਾਧੀ ਨੇ ਆਪਣੀ ਤਲਵਾਰ ਕੱਢ ਲਈ ਅਤੇ ਉਸ ਨੂੰ ਧਮਕਾਇਆ ਕਿ 'ਜੇ ਤੂੰ ਮਦਦ ਲਈ ਗੁਹਾਰ ਲਾਈ ਤਾਂ ਤੈਨੂੰ ਮਾਰ ਦਿਆਂਗਾ।'

ਉਹ ਮੁਸਕੁਰਾਈ ਤੇ ਚੁੱਪ ਰਹੀ ਜਿਵੇਂ ਉਸ ਦੀ ਇੱਛਾ ਪੂਰੀ ਕਰਨ ਲਈ ਰਜ਼ਾਮੰਦ ਹੈ।

ਫਿਰ ਉਸ ਨੇ ਇਸ ਦਰਿੰਦੇ ਵੱਲ ਦੇਖਿਆ ਤੇ ਆਖਿਆ, "ਬੈਠ ਜਾਓ ਅਤੇ ਆਰਾਮ ਕਰੋ।ਤੁਸੀਂ ਬਹੁਤ ਥੱਕੇ ਹੋਏ ਜਾਪਦੇ ਹੋ।"

ਉਹ ਉਸ ਸੰਨਿਆਸਣ ਦੇ ਨੇੜੇ ਬੈਠ ਗਿਆ। ਉਸ ਨੂੰ ਆਪਣੇ ਸ਼ਿਕਾਰ 'ਤੇ ਭਰੋਸਾ ਸੀ ਅਤੇ ਫਿਰ ਉਸ ਸੰਨਿਆਸਣ ਨੇ ਉਸ ਦਾਨਵ ਨੂੰ ਆਖਿਆ, "ਮੈਂ ਯੁੱਧ ਕਰਨ ਵਾਲੇ ਬਹਾਦਰ ਫ਼ੌਜੀਆਂ'ਤੇ ਹੈਰਾਨ ਹਾਂ, ਕਿਉਂਕਿ ਤੁਸੀਂ ਲੋਕ ਉਦੋਂ ਵੀ ਨਹੀਂ ਡਰਦੇ ਜਦੋਂ ਆਪਣੇ ਆਪ ਨੂੰ ਮੌਤ ਦੀ ਗੋਦ ਵਿਚ ਦੇਖਦੇ ਹੋ।"

ਇਸ ਬਾਰੇ ਉਸ ਮੂਰਖ ਕਾਇਰ ਨੇ ਜੁਆਬ ਦਿੱਤਾ, "ਹਾਲਾਤ ਸਾਨੂੰ ਯੁੱਧ ਵਿਚ ਧੱਕਦੇ ਹਨ। ਜੇ ਕਿਧਰੇ ਲੋਕ ਮੈਨੂੰ ਕਾਇਰ ਨਾ ਆਖਣ ਤਾਂ ਮੈਂ ਇਸ ਸਰਾਪੀ ਫ਼ੌਜ ਦੀ ਅਗਵਾਈ ਕਰਨ ਦੀ ਸਹਿਮਤੀ ਦੇਣ ਤੋਂ ਪਹਿਲਾਂ ਹੀ ਭੱਜ ਗਿਆ ਹੁੰਦਾ।"

ਉਹ ਉਸ 'ਤੇ ਹੱਸੀ ਤੇ ਆਖਣ ਲੱਗੀ, "ਕੀ ਤੁਹਾਨੂੰ ਪਤਾ ਨਹੀਂ ਹੈ ਕਿ ਇਸ ਪਵਿੱਤਰ ਸਥਾਨ 'ਤੇ ਸਾਡੇ ਪਾਸ ਇਕ ਅਜਿਹਾ ਲੇਪ ਹੈ ਜਿਸ ਨੂੰ ਸਭ ਤੋਂ ਤੇਜ਼ਧਾਰ ਤਲਵਾਰ ਦੀ ਮਾਰ ਤੋਂ ਬਚਣ ਲਈ ਤੁਸੀਂ ਆਪਣੇ ਸਰੀਰ 'ਤੇ ਮਲ ਸਕਦੇ ਹੋ।"

"ਹੈਰਾਨ ਕਰਨ ਵਾਲੀ ਗੱਲ ਹੈ! ਅਜਿਹਾ ਕਿਹੜਾ ਲੇਪ ਹੈ? ਜ਼ਰੂਰ ਇਸਤੇਮਾਲ ਕਰਾਂਗਾ।"

"ਚੰਗਾ, ਮੈਂ ਇਸ ਵਿਚੋਂ ਥੋੜਾ ਤੁਹਾਨੂੰ ਦਿੰਦੀ ਹਾਂ।"

ਇਹ ਕਮਾਂਡਰ ਉਸ ਸਮੇਂ ਜਨਮਿਆ ਸੀ ਜਦੋਂ ਲੋਕ ਅਜਿਹੇ ਵਹਿਮਾਂ ਭਰਮਾਂ ਵਿੱਚ ਯਕੀਨ ਕਰਦੇ ਸਨ। ਕਮਾਂਡਰ ਨੂੰ ਪਵਿੱਤਰ ਸਿਸਟਰ 'ਤੇ ਕੋਈ ਸ਼ੱਕ ਨਹੀਂ ਸੀ ਹੋਇਆ।

ਸੰਨਿਆਸਣ ਨੇ ਇੱਕ ਮਰਤਬਾਨ ਖੋਲ੍ਹਿਆ ਤੇ ਉਸ ਵਿਚੋਂ ਕਮਾਂਡਰ ਨੂੰ ਚਿੱਟਾ ਲੇਪ ਵਿਖਾਇਆ, ਜਿਸ ਨੂੰ ਵੇਖ ਕੇ ਉਸ ਨੂੰ ਅਚਾਨਕ ਸ਼ੱਕ ਜਿਹਾ ਹੋਣ ਲੱਗਾ। ਫੇਰ ਉਸ ਸੰਨਿਆਸਣ ਨੇ ਇਸ ਵਿਚੋਂ ਕੁਝ ਕੁ ਲੇਪ ਲੈ ਕੇ ਆਪਣੀ ਗਰਦਨ 'ਤੇ ਮਲਿਆ ਤੇ ਉਸ ਕਮੀਨੇ ਨੂੰ ਆਖਿਆ, "ਜੇਕਰ ਮੇਰੇ 'ਤੇ ਯਕੀਨ ਨਹੀਂ ਹੈ ਤਾਂ ਇਸ ਦਾ ਸਬੂਤ ਮੈਂ ਪੇਸ਼ ਕਰਦੀ ਹਾਂ। ਆਪਣੀ ਤਲਵਾਰ ਕੱਢੋ ਤੇ ਆਪਣੇ ਪੂਰੇ ਜ਼ੋਰ ਨਾਲ ਮੇਰੀ ਗਰਦਨ 'ਤੇ ਵਾਰ ਕਰੋ।"

ਕਮਾਂਡਰ ਹਿਚਕਿਚਾਇਆ ਪਰ ਉਹ ਸੰਨਿਆਸਣ ਵਾਰ-ਵਾਰ ਜ਼ੋਰ ਦੀ ਵਾਰ ਕਰਨ ਲਈ ਆਖਦੀ ਰਹੀ ਤੇ ਆਖ਼ਿਰ ਕਮਾਂਡਰ ਨੇ ਅਜਿਹਾ ਹੀ ਕੀਤਾ।

ਉਹ ਬੇਹੋਸ਼ ਹੋਣ ਕਿਨਾਰੇ ਪੁੱਜ ਗਿਆ ਜਦੋਂ ਉਸਨੇ ਦੇਖਿਆ ਕਿ ਈਸਾਈ ਸੰਨਿਆਸਣ ਦਾ ਸਿਰ ਧੜ ਨਾਲੋਂ ਲੱਥ ਕੇ ਥੱਲ੍ਹੇ ਡਿੱਗ ਪਿਆ ਹੈ ਅਤੇ ਫ਼ਰਸ਼ ਉੱਤੇ ਅਹਿੱਲ ਪਿਆ ਹੈ। ਫਿਰ ਉਸ ਨੂੰ ਸੰਨਿਆਸਣ ਦੀ ਚਲਾਕੀ ਦੀ ਸਮਝ ਆਈ ਕਿ ਕਿਸ ਤਰ੍ਹਾਂ ਨਾਲ ਉਸ ਨੇ ਆਪਣੇ ਆਪ ਨੂੰ ਅਪਵਿੱਤਰ ਹੋਣ ਤੋਂ ਬਚਾ ਲਿਆ ਸੀ।

ਈਸਾਈ ਸੰਨਿਆਸਣ ਦੀ ਮੌਤ ਹੋ ਗਈ... ਪਰ ਕਮਾਂਡਰ ਆਪਣੇ ਸਾਹਮਣੇ ਕੇਵਲ ਦੋ ਚੀਜ਼ਾਂ ਹੀ ਦੇਖ ਸਕਦਾ ਸੀ, ਕੁਆਰੀ ਸੰਨਿਆਸਣ ਦੀ ਲੋਥ ਅਤੇ ਲੇਪ ਦਾ ਮਰਤਬਾਨ! ਹੁਣ ਉਸ ਨੇ ਲੇਪ ਵੱਲ ਦੇਖਣਾ ਸ਼ੁਰੂ ਕੀਤਾ ਅਤੇ ਫਿਰ ਸਿਰ ਰਹਿਤ ਲਾਸ਼ ਵੱਲ। ਉਹ ਬੇਚੈਨ ਹੋ ਗਿਆ। ਦਰਵਾਜ਼ਾ ਖੋਲ੍ਹਿਆ ਤੇ ਭੱਜ ਕੇ ਬਾਹਰ ਆ ਗਿਆ। ਉਸਨੇ ਲਹੂ ਭਿੱਜੀ ਤਲਵਾਰ ਪਕੜੀ ਹੋਈ ਸੀ ਅਤੇ ਉੱਚੀ-ਉੱਚੀ ਆਖ ਰਿਹਾ ਸੀ, "ਜਲਦੀ ਕਰੋ... ਜਲਦੀ ਕਰੋ, ਆਓ ਆਪਾਂ ਇਸ ਜਗ੍ਹਾ ਤੋਂ ਚੱਲੀਏ।"

ਉਹ ਓਨਾ ਚਿਰ ਭੱਜਦਾ ਗਿਆ, ਜਿੰਨਾ ਚਿਰ ਉਸ ਪਾਸ ਉਸ ਦੇ ਕੁਝ ਫ਼ੌਜੀ ਸਾਥੀ ਨਾ ਪੁੱਜ ਗਏ ਤੇ ਉਨ੍ਹਾਂ ਨੇ ਦੇਖਿਆ ਕਿ ਉਹ ਪਾਗਲਾਂ ਵਾਂਗ ਕੁਰਲਾ ਰਿਹਾ ਹੈ, ਮੈਂ ਉਸ ਦਾ ਕਤਲ ਕੀਤਾ ਹੈ। ਮੈਂ ਉਸ ਦਾ ਕਤਲ ਕੀਤਾ ਹੈ।

**(ਅਨੁਵਾਦ- ਸਤਪਾਲ ਭੀਖੀ)**

.......................................................

# ਟੁੱਟੀ ਛੰਨ ਨੂੰ ਸ਼ੀਸ਼ ਮਹਿਲ ਕਹਿਣ ਵਾਲੇ ਧਰਤੀ ਦੇ ਜਾਏ

– ਸ੍ਰੀ ਸੁਰਜੀਤ ਪਾਤਰ

ਰਘੂਰਾਏ ਜਿਸ ਨੇ ਪਿਛਲੇ 15 ਸਾਲਾਂ ਤੋਂ ਭਾਰਤ ਦੀ ਵਿਜ਼ੂਅਲ ਹਿਸਟਰੀ (ਸਮੂਰਤ ਇਤਿਹਾਸ) ਨੂੰ ਆਪਣੇ ਕੈਮਰੇ ਵਿੱਚ ਸਮੋਇਆ, ਅੱਸੀ ਸਾਲ ਦੀ ਉਮਰ ਵਿਚ ਸਿੰਘੂ ਬਾਰਡਰ 'ਤੇ ਪਹੁੰਚਿਆ। ਅਜੀਤ ਅੰਜੁਮ ਨਾਲ ਗੱਲਬਾਤ ਕਰਦਿਆਂ ਰਘੂਰਾਏ ਕਹਿਣ ਲੱਗੇ: ਮੈਂ ਜੈ ਪ੍ਰਕਾਸ਼ ਨਾਰਾਇਣ ਦਾ ਅੰਦੋਲਨ ਵੀ ਦੇਖਿਆ। ਜਦੋਂ ਜੈ ਪ੍ਰਕਾਸ਼ ਨਾਰਾਇਣ ਨੂੰ ਲਾਠੀ ਲੱਗੀ ਉਹਦੀ ਫੋਟੋ ਮੈਂ ਹੀ ਖਿੱਚੀ ਸੀ। ਮੈਂ ਟਿਕਾਇਤ ਦਾ ਅੰਦੋਲਨ ਵੀ ਦੇਖਿਆ, ਮੈਂ ਅੰਨਾ ਹਜ਼ਾਰੇ ਵਾਲਾ ਅੰਦੋਲਨ ਵੀ ਦੇਖਿਆ। ਇਸ ਅੰਦੋਲਨ ਦੀ ਕਿਸੇ ਨਾਲ ਤੁਲਨਾ ਨਹੀਂ ਹੋ ਸਕਦੀ।

ਇਹ ਜੋ ਵੀ ਹੈ, ਇਹ ਸਿਰਫ਼ ਟੈਸਟ ਨਹੀਂ ਇਹ ਤਾਂ ਪੂਰੇ ਦੇਸ਼ ਨੂੰ ਇਕ ਅਲੱਗ ਲੈਵਲ ਤੇ ਲੈ ਕੇ ਜਾਣ ਦਾ ਜਸ਼ਨ ਹੈ। ਸਾਨੂੰ ਸਾਰਿਆਂ ਨੂੰ ਇਸ ਤੋਂ ਭਵਿੱਖ ਲਈ ਸਬਕ ਲੈਣਾ ਚਾਹੀਦਾ ਹੈ।

ਕਿੰਨੇ ਇਨਟੈਂਸ ਨੇ ਇਹ ਚਿਹਰੇ, ਕਿੰਨੇ ਸੀਰੀਅਸ। ਤੁਸੀਂ ਗੱਲ ਕਰੋ ਤਾਂ ਕਿੰਨੀ ਪਿਆਰੀ ਮੁਸਕਰਾਹਟ ਦਿੰਦੇ ਨੇ ਤੇ 'ਜੀ ਆਇਆਂ ਨੂੰ' ਕਹਿੰਦੇ ਨੇ।

ਇਸ ਅੰਦੋਲਨ ਦੀ ਸਭ ਤੋਂ ਵੱਡੀ ਗੱਲ, ਤੇ ਉਹ ਗੱਲ ਜਿਸ 'ਤੇ ਯਕੀਨ ਨਹੀਂ ਆਉਂਦਾ ਕਿ ਤੀਹ ਸਾਲਾਂ ਦੇ ਵਿਸ਼ਵੀਕਰਣ ਨੇ ਸਾਡੇ ਹੁਲੀਏ ਵਿਗਾੜ ਦਿੱਤੇ, ਸਾਡੇ ਕੱਪੜੇ, ਸਾਡਾ ਰਹਿਣ-ਸਹਿਣ ਬਦਲ ਦਿੱਤਾ। ਪਰ ਜਦੋਂ ਮੈਂ ਏਥੇ ਪਹੁੰਚਾ ਤਾਂ ਦੇਖਿਆ ਉਹ ਜਿਹੜਾ ਭਾਰਤ ਸੀ, ਜਿਸ ਵਿੱਚ ਇੱਕ ਦੂਜੇ ਲਈ ਪਿਆਰ ਸੀ, ਉਹ ਅਜੇ ਵੀ ਜ਼ਿੰਦਾ ਹੈ। ਮੈਨੂੰ ਕਿਸੇ ਵੀ ਹੋਰ ਅੰਦੋਲਨ ਵਿੱਚ ਇਹ ਦੇਖਣ ਲਈ ਨਹੀਂ ਮਿਲਿਆ। ਗਰੀਬ ਬੱਚੇ ਇਸ ਪਿੰਡ ਦੇ ਆ ਰਹੇ ਹਨ, ਉਨ੍ਹਾਂ ਨੂੰ ਕਹਿੰਦੇ, ਆਓ ਬੱਚਿਓ, ਲਾਈਨ 'ਚ ਆਓ, ਲੰਗਰ ਛਕੋ। ਕਿੰਨੇ ਪਿਆਰ ਨਾਲ ਸਭ ਨੂੰ ਖਾਣਾ ਦਿੱਤਾ ਜਾ ਰਿਹਾ ਹੈ, ਕਿਸੇ ਨੂੰ ਨਹੀਂ ਪੁੱਛਿਆ ਜਾਂਦਾ ਕਿ ਤੂੰ ਕੌਣ ਹੈਂ?

ਭਾਰਤ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਇਹ ਕੋਈ ਛੋਟੀ-ਮੋਟੀ ਗੱਲ ਨਹੀਂ ਹੈ, ਇਸ ਦੀ ਗਹਿਰਾਈ ਨੂੰ ਸਮਝੇ। ਇਲਜ਼ਾਮ ਲਾਉਣੇ ਗੰਦੀ ਸਿਆਸਤ ਹੈ। ਇਨ੍ਹਾਂ ਦੀਆਂ ਤਕਲੀਫ਼ਾਂ ਬਿਲਕੁਲ ਜਾਇਜ਼ ਹਨ। ਮੈਨੂੰ ਮਾਣ ਹੈ ਕਿ ਇਨ੍ਹਾਂ ਨੇ ਮੇਰਾ ਭਾਰਤ ਜ਼ਿੰਦਾ ਰੱਖਿਆ ਹੈ। ਏਨਾ ਪਿਆਰ, ਏਨੀ ਸ਼ਰਧਾ, ਏਨਾ ਵੱਡਾ ਹਜੂਮ, ਦੂਰ-ਦੂਰ ਤੱਕ।

## ਤੁਹਾਨੂੰ ਫੰਡ ਕਿੱਥੋਂ ਆਉਂਦਾ

ਹਾਕਮਾਂ ਦੇ ਭੱਥਿਆਂ ਵਿਚ ਦੋ ਤਿੰਨ ਤਰ੍ਹਾਂ ਦੇ ਜ਼ਹਿਰ ਬੁਝੇ ਸ਼ਬਦ-ਬਾਣ ਹਨ: ਤੁਸੀਂ ਰਾਜਸੀ ਪਾਰਟੀਆਂ ਦੇ ਗੁਮਰਾਹ ਕੀਤੇ ਲੋਕ, ਤੁਸੀਂ ਚੀਨ ਤੇ ਪਾਕਿਸਤਾਨ ਨਾਲ ਤਾਰ ਮਿਲਾਈ ਬੈਠੇ ਲੋਕ, ਤੁਸੀਂ ਖ਼ਾਲਿਸਤਾਨੀ, ਤੁਸੀਂ ਖੱਬੇਪੱਖੀ। ਤੁਸੀਂ ਟੁਕੜੇ-ਟੁਕੜੇ ਗੈਂਗ।

26 ਦਸੰਬਰ 2020 ਦੀ ਸਵੇਰ ਵੇਲੇ ਜਲੰਧਰ ਦੂਰਦਰਸ਼ਨ ਦੇਖਦਿਆਂ ਅਹਿਸਾਸ ਹੋਇਆ ਕਿ ਪਿਛਲੇ ਇਕ ਮਹੀਨੇ ਤੋਂ ਘਰੋਂ ਬਾਹਰ ਯਖ਼ ਸਿਆਲ ਦੀਆਂ ਰਾਤਾਂ ਦੀ ਠੰਢ ਸਹਿੰਦੇ ਕਿਸਾਨਾਂ, ਬਜ਼ੁਰਗਾਂ, ਮਾਂਵਾਂ, ਭੈਣਾਂ, ਧੀਆਂ, ਪੁੱਤਰਾਂ ਲਈ ਪ੍ਰਧਾਨ ਮੰਤਰੀ ਦੇ ਮਨ ਵਿੱਚ ਕੋਈ ਹਮਦਰਦੀ ਦਾ ਬੋਲ ਨਹੀਂ, ਬੱਸ ਓਹੀ ਜ਼ਹਿਰ ਬੁਝੇ ਤੀਰ ਹਨ। ਇਹ ਵਿਰੋਧੀ ਪਾਰਟੀਆਂ ਦੇ ਗੁਮਰਾਹ ਕੀਤੇ ਹੋਏ ਲੋਕ ਹਨ। ਮਤਲਬ ਇਹ ਹੈ ਕਿ ਜੋ ਸਾਡੇ ਨਾਲ ਸਹਿਮਤ ਨਹੀਂ ਉਹ ਗੁਮਰਾਹ ਹੋਇਆ ਹੈ.... ਜੋ ਸਾਡਾ ਭਗਤ ਨਹੀਂ, ਉਹ ਦੇਸ਼ ਭਗਤ ਨਹੀਂ... ਜੋ ਸਾਡੇ ਨਾਲ ਨਹੀਂ ਉਹ ਪਾਕਿਸਤਾਨ ਨਾਲ ਹੈ।

ਪਿਛਲੇ ਦਿਨੀਂ ਇਕ ਹੋਰ ਸ਼ਬਦ-ਬਾਣ ਚੱਲਿਆ: ਤੁਹਾਨੂੰ ਫੰਡ ਕਿੱਥੋਂ ਆਉਂਦਾ। ਇਕ ਨੌਜਵਾਨ ਨੇ ਹੱਸਦਿਆਂ ਕਿਹਾ: ਉਹ ਮਾਇਆਧਾਰੀ ਜਿਹੜੇ ਤੁਹਾਡੇ ਨਾਲ ਬੈਂਕ ਘੁਟਾਲੇ ਕਰ ਕੇ ਚਲੇ ਗਏ ਸੀ, ਅਸੀਂ ਉਹ ਘੇਰ ਲਏ।

ਇਕ ਧੀ ਨੇ ਕਿਹਾ: ਸਾਨੂੰ ਪਾਕਿਸਤਾਨ ਦੀ ਧਰਤੀ ਦਾ ਜਾਇਆ ਇਕ ਪਰਮ-ਪੁਰਖ ਭੇਜਦਾ ਹੈ ਸਾਰਾ ਕੁਝ।

ਪੱਤਰਕਾਰ ਨੇ ਪੁੱਛਿਆ: ਉਸ ਦਾ ਨਾਮ?

ਬੇਟੀ ਨੇ ਆਤਮ-ਵਿਸ਼ਵਾਸ ਅਤੇ ਰੱਬੀ ਨਿਹੁੰ ਨਾਲ ਭਰੀ ਆਵਾਜ਼ ਵਿਚ ਕਿਹਾ: ਬਾਬਾ ਨਾਨਕ।

## ਸਾਡਾ ਰੇਲਾਂ ਨਾਲ ਕੀ ਰਿਸ਼ਤਾ

28 ਅਕਤੂਬਰ 2020 ਨੂੰ ਕੇਂਦਰ ਸਰਕਾਰ ਨੇ ਕਿਹਾ ਕਿ ਅਸੀਂ ਦੁਬਾਰਾ ਪੰਜਾਬ ਵੱਲ ਰੇਲਾਂ ਤਦੇ ਚਲਾਵਾਂਗੇ ਜੇ ਪੰਜਾਬ ਸਰਕਾਰ ਸਾਨੂੰ ਇਹ ਵਿਸ਼ਵਾਸ ਦੁਆਵੇ ਕਿ ਪੰਜਾਬ ਦੇ ਕਿਸਾਨ ਰੇਲਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ, ਰੇਲ ਦੇ ਕਰਮਚਾਰੀਆਂ ਨੂੰ ਕੋਈ ਕਸ਼ਟ ਨਹੀਂ ਦੇਣਗੇ। ਇਹ ਪੜ੍ਹ ਕੇ ਬਹੁਤ ਸ਼ਰਮ ਆਈ ਕਿ ਇਹ ਲੋਕ ਸਾਨੂੰ ਏਨੇ ਗਿਰੇ ਹੋਏ ਸਮਝਦੇ ਨੇ ਕਿ ਅਸੀਂ ਰੇਲਾਂ ਨੂੰ ਪੱਥਰ ਮਾਰਾਂਗੇ। ਇਹ ਵੀ ਹਾਕਮ ਧਿਰ ਦਾ ਇਕ ਜ਼ਹਿਰ ਬੁਝਿਆ ਸ਼ਬਦ-ਬਾਣ ਹੀ ਸੀ। ਮਨ ਵਿਚ ਦੁੱਖ ਤੇ ਰੋਹ ਦੀ ਇਕ ਲਹਿਰ ਉੱਠੀ ਕਿ ਇਸ ਸੰਵੇਦਨਹੀਣ ਹਾਕਮ ਨੂੰ ਪਤਾ ਹੀ ਨਹੀਂ ਕਿ ਸਾਡਾ ਰੇਲਾਂ ਦੇ ਨਾਲ ਕੀ ਰਿਸ਼ਤਾ ਹੈ।

## ਸਾਡਾ ਰੇਲਾਂ ਦੇ ਨਾਲ ਕੀ ਰਿਸ਼ਤਾ

ਤੈਨੂੰ ਐ ਸ਼ੁਹਦਿਆ ਪਤਾ ਹੀ ਨਹੀਂ
ਸਾਡੇ ਪੁੱਤਰ ਇਨ੍ਹਾਂ 'ਚ ਜੰਗ ਨੂੰ ਗਏ
ਕਿੰਨੇ ਤੇਰੇ ਘਰੋਂ ਤੇ ਕਿੰਨੇ ਮੁੜੇ
ਆਉਂਦਿਆਂ ਜਾਂਦਿਆਂ ਦੀ ਸੁੱਖ ਮੰਗੀ
ਹੱਥ ਅਰਦਾਸ ਵਿਚ ਰਹੇ ਨੇ ਜੁੜੇ

ਫੇਰ ਪਰਦੇਸ ਨੂੰ ਗਏ ਸੀ ਜਣੇ
ਰਾਜ ਤੇਰੇ 'ਚ ਰਿਜ਼ਕ ਨਾ ਜੁੜਿਆ
ਅਸੀਂ ਰੀਝਾਂ ਸਿਉਂ ਤੱਕਿਆ ਰੇਲਾਂ ਨੂੰ
ਇਨ੍ਹਾਂ ਵਿਚ ਬੈਠ ਕੇ ਜਦੋਂ ਮੁੜਿਆ

ਵੀਰ ਪੁੱਤਰ ਪਿਤਾ ਪਤੀ ਧੀਆਂ
ਅਸੀਂ ਰੇਲਾਂ ਨੂੰ ਦੇਈਏ ਦਿਲ 'ਚੋਂ ਦੁਆ
ਤੈਨੂੰ ਬੇ-ਪੀਰਿਆ ਪਤਾ ਹੀ ਨਹੀਂ

ਜੋ ਕਦੀ ਆਖਿਆ ਏ ਟੁੱਟ-ਪੈਣੀ
ਫੇਰ ਆਪੇ ਨੂੰ ਕੋਸਿਆ ਵੀ ਹੈ
ਲਾਮ ਟੁੱਟੀ ਤਾਂ ਦੂਰੋਂ ਆਉਂਦੀ ਨੂੰ
ਸੁੱਖਾਂ ਸੁੱਖਦੀ ਨੇ ਦੇਖਿਆ ਵੀ ਹੈ

ਅਪਣੇ ਮਾਹੀ ਦਾ ਵੇਖ ਲਾਂ ਮੁੱਖੜਾ
ਹਟ ਪਰ੍ਹਾਂ ਬਾਬੂਆ, ਕਿਹਾ ਸੀ ਮੈਂ
ਤੈਨੂੰ ਐ ਬੇ-ਦਿਲਾ ਪਤਾ ਹੀ ਨਹੀਂ

ਆਪਣੀ ਹੀ ਰੱਤ 'ਚ ਰੰਗੇ ਨੇ ਪਹੀਏ
ਜਦ ਵੀ ਇਹਨਾਂ ਨੂੰ ਰੋਕਣਾ ਹੋਇਆ
ਤੈਨੂੰ ਬੇ-ਦੀਦਿਆ ਪਤਾ ਹੀ ਨਹੀਂ

ਹਾਂ ਸਮਾਂ ਉਹ ਵੀ ਯਾਦ ਹੈ ਮੈਨੂੰ
ਇਹਨਾਂ ਰੇਲਾਂ 'ਚ ਜਦ ਭਰਾਵਾਂ ਨੇ
ਤੁਹਫ਼ਿਆਂ ਵਾਂਗ ਭੇਜੀਆਂ ਲਾਸ਼ਾਂ
ਜਦ ਮੈਂ ਬੇਹੋਸ਼ ਸਾਂ ਮੈਂ ਜ਼ਖ਼ਮੀ ਸਾਂ
ਮੈਨੂੰ ਕੁਝ ਨਈ ਪਤਾ ਮੈਂ ਕੀ ਕੀਤਾ
ਮੈਨੂੰ ਕੁਝ ਨਹੀਂ ਪਤਾ ਮੈਂ ਕਿਉਂ ਕੀਤਾ
ਤੇ ਉਹ ਸਦਮਾ ਦਿਲੋਂ ਗਿਆ ਹੀ ਨਹੀਂ
ਤੇ ਮੈਂ ਆਪੇ ਨੂੰ ਬਖ਼ਸ਼ਿਆ ਹੀ ਨਹੀਂ

ਉਹਦੇ ਵਿੱਚ ਰੇਲ ਇਕ ਗਵਾਹ ਤਾਂ ਸੀ
ਉਹਦੇ ਵਿੱਚ ਰੇਲ ਕੋਈ ਮੁਜ਼ਰਮ ਨਹੀਂ
ਇਹਦੇ ਗਲ ਲੱਗ ਕੇ ਰੋ ਤਾਂ ਸਕਦਾਂ ਮੈਂ
ਇਸ ਤੇ ਪੱਥਰ ਨਹੀਂ ਉਠਾ ਸਕਦਾ

ਅਸੀਂ ਪੱਥਰ ਇਹਨਾਂ ਨੂੰ ਮਾਰਾਂਗੇ
ਸਾਡੀ ਇਉਂ ਆਖ ਕੇ ਤੌਹੀਨ ਨਾ ਕਰ
ਸਾਡੇ ਮੁਰਸ਼ਦ ਦੀ ਸ਼ਾਨ ਹੀਣ ਨਾ ਕਰ

ਅਸੀਂ ਰਾਖੇ ਹਾਂ ਹੈਂਸਿਆਰੇ ਨਹੀਂ
ਤੈਨੂੰ ਐ ਪੱਥਰਾ ਪਤਾ ਹੀ ਨਹੀਂ
ਜਾ ਤੂੰ ਜਾ, ਹੋਰ ਤੈਨੂੰ ਕੀ ਆਖਾਂ
ਤੇਰਾ ਇਸ ਨਾਲ ਵਾਸਤਾ ਹੀ ਨਹੀਂ

ਐਵੇਂ ਜ਼ਖ਼ਮਾਂ 'ਤੇ ਲੂਣ ਪਾਉਨਾ ਏਂ
ਐਵੇਂ ਤਪਿਆਂ ਨੂੰ ਤੂੰ ਤਪਾਉਨਾਂ ਏਂ
ਸਿਰ ਨਿਵਾਈਏ ਅਸੀਂ ਤੂੰ ਚਾਹੁੰਨਾਂ ਏ

ਕੱਟ ਸਕਦੈ, ਨਿਵਾ ਨਹੀਂ ਸਕਦਾ
ਇਹ ਤਾਂ ਨਿਵਦੇ ਨੇ ਬੱਸ ਗੁਰਾਂ ਅੱਗੇ
ਤੈਨੂੰ ਬੇਪੀਰਿਆ ਪਤਾ ਹੀ ਨਹੀਂ

## ਹਾਸੇ ਦਾ ਪ੍ਰਤਾਪ

ਸੁਰਜੀਤ ਹਾਂਸ ਦਾ ਗਹਿਰੇ ਵਿਅੰਗ ਵਾਲਾ ਮਿੱਠਾ ਜਿਹਾ ਹਾਸਾ ਯਾਦ ਆਉਂਦਾ ਹੈ। ਇਸ ਬਾਰੇ ਉਸਦੀ ਇਕ ਕਵਿਤਾ ਵੀ ਹੈ:

ਸੱਜਣ ਮੈਨੂੰ ਆਖਦਾ ਬਹੁਤਾ ਨਾ ਤੂੰ ਹੱਸ
ਇਹ ਤਾਂ ਮੇਰੀ ਜਾਨ ਹੈ ਇਹ ਤਾਂ ਮੇਰਾ ਜੱਸ।
ਹਾਸਾ ਬਚਨ ਵੰਗਾਰ ਦਾ, ਕਰੇ ਯਥਾਰਥ ਭਿੰਨ
ਹਾਸੇ ਦਾ ਪ੍ਰਤਾਪ ਹੈ, ਇਹ ਬਾਗੀ ਦਾ ਚਿੰਨ।

ਮੈਨੂੰ ਖ਼ਾਲਸਈ ਬੋਲੇ ਯਾਦ ਆਉਂਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਬੋਲੇ ਖ਼ਾਲਸੇ ਨੇ ਉਦੋਂ ਸਿਰਜੇ ਜਦੋਂ ਉਹ ਜੰਗਲਾਂ ਵਿਚ ਘੋੜਿਆਂ ਦੀ ਪਿੱਠ 'ਤੇ ਰਾਤਾਂ ਕੱਟਦਾ ਸੀ। ਉਹ ਬੋਲੇ ਉਨ੍ਹਾਂ ਲੋਕਾਂ ਦੀ ਸਿਰਜਣ ਸ਼ਕਤੀ, ਚੜ੍ਹਦੀ ਕਲਾ ਤੇ ਹੱਸਮੁਖਤਾ ਦੇ ਮੁਜੱਸਮੇ ਹਨ। ਉਨ੍ਹਾਂ ਨੇ ਚਿਣੀ ਹੋਈ ਚਿਖ਼ਾ ਨੂੰ ਕਾਠਗੜ੍ਹ ਕਿਹਾ, ਰੋਣ-ਧੋਣ ਨੂੰ ਮਾਰੂ ਰਾਗ, ਟੁੱਟੀ ਛੰਨ ਨੂੰ ਸ਼ੀਸ਼ ਮਹਿਲ, ਨੀਂਦ ਨੂੰ ਧਰਮ ਰਾਜ ਦੀ ਧੀ ਤੇ ਤਾਪ ਨੂੰ ਧਰਮ ਰਾਜ ਦਾ ਪੁੱਤ ਕਿਹਾ। ਕੜਕਦੀਆਂ ਧੁੱਪਾਂ ਵਿਚ ਰੁੱਖ ਨੂੰ ਸਬਜ਼ ਮੰਦਰ ਬਣਾ ਲਿਆ। ਉਹ ਸ਼ਬਦਾਂ ਦੀ ਛਾਂਵੇਂ ਦੁੱਖ ਦੇ ਥਲਾਂ ਨੂੰ ਹੱਸ ਕੇ ਪਾਰ ਕਰ ਗਏ। ਉਹ ਹੱਸਮੁਖ, ਹਾਜ਼ਰ-ਜਵਾਬ, ਹੌਂਸਲੇ ਵਾਲੇ, ਕਲਾਧਾਰੀ ਬੜੇ ਕਰਾਮਾਤੀ ਲੋਕ ਸਨ।

ਹਾਸਾ ਤਨ ਦਰੁਸਤੀ ਲਈ ਹੀ ਨਹੀਂ ਮਨ ਦਰੁਸਤੀ ਲਈ ਵੀ ਬਹੁਤ ਜ਼ਰੂਰੀ ਹੈ। ਕੇਸ਼ਵ ਸ਼ੰਕਰ ਪਿੱਲੇ ਨੂੰ ਭਾਰਤ ਵਿਚ ਰਾਜਸੀ ਕਾਰਟੂਨ ਕਲਾ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਹ 1932 ਤੋਂ 1946 ਤੱਕ ਹਿੰਦੁਸਤਾਨ ਟਾਈਮਜ਼ ਦਾ ਸਟਾਫ਼ ਕਾਰਟੂਨਿਸਟ ਰਿਹਾ। ਸ਼ੰਕਰ ਦੇ ਕਾਰਟੂਨਾਂ ਨੇ ਵੇਲੇ ਦੇ ਵਾਇਸਰਾਵਾਂ ਦਾ ਵੀ ਧਿਆਨ ਖਿੱਚਿਆ। ਇਕ ਵਾਰ ਉਸ ਨੇ ਮੁਹੰਮਦ ਜਿਨਾਹ ਦਾ ਕਾਰਟੂਨ ਬਣਾਇਆ। ਮਹਾਤਮਾ ਗਾਂਧੀ ਨੇ ਉਸ ਨੂੰ ਇਕ ਪੋਸਟ ਕਾਰਡ ਲਿਖ ਕੇ ਸਮਝਾਇਆ ਕਿ ਕਾਰਟੂਨ ਬਣਾਉਂਦਿਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

ਤੇਰੇ ਕਾਰਟੂਨ ਕਲਾ-ਕਿਰਤਾਂ ਦੇ ਤੌਰ ਤੇ ਚੰਗੇ ਹਨ, ਪਰ ਜੇ ਉਹ ਸਹੀ ਗੱਲ ਨਹੀਂ ਕਰਦੇ ਜਾਂ ਬਿਨਾਂ ਨਾਰਾਜ਼ ਕੀਤਿਆਂ ਮਜ਼ਾਕ ਨਹੀਂ ਕਰ ਸਕਦੇ ਤਾਂ ਤੂੰ ਆਪਣੇ ਪੇਸ਼ੇ ਵਿਚ ਬਹੁਤਾ ਉੱਚਾ ਨਹੀਂ ਜਾ ਸਕਦਾ। ਤੁਹਾਨੂੰ ਘਟਨਾਵਾਂ ਦੀ ਗਹਿਰੀ ਜਾਣਕਾਰੀ ਹੋਣੀ ਚਾਹੀਦੀ ਹੈ। ਤੁਹਾਨੂੰ ਲੱਚਰ ਨਹੀਂ ਹੋਣਾ ਚਾਹੀਦਾ। ਤੁਹਾਡਾ ਮਜ਼ਾਕ ਦੂਜੇ ਨੂੰ ਦੁੱਖ ਪਹੁੰਚਾਉਣ ਵਾਲਾ ਨਹੀਂ ਚਾਹੀਦਾ।

1948 ਵਿਚ ਸ਼ੰਕਰ ਨੇ ਸ਼ੰਕਰਜ਼ ਵੀਕਲੀ ਦੇ ਨਾਮ ਤੇ ਆਪਣਾ ਹਫ਼ਤਾਵਾਰੀ ਸ਼ੁਰੂ ਕੀਤਾ। ਇਸ ਦਾ ਪਹਿਲਾ ਅੰਕ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਰਿਲੀਜ਼ ਕੀਤਾ ਸੀ।

1948 ਵਿਚ ਨਹਿਰੂ ਦੁਆਰਾ ਰਿਲੀਜ਼ ਕੀਤਾ ਗਿਆ ਸ਼ੰਕਰਜ਼ ਵੀਕਲੀ ਨਹਿਰੂ ਦੀ ਬੇਟੀ ਵੱਲੋਂ ਲਾਈ ਗਈ ਐਮਰਜੈਂਸੀ ਵੇਲੇ ਬੰਦ ਕਰਨਾ ਪਿਆ। ਉਸ ਤੋਂ ਬਾਅਦ ਉੱਚੇ ਅਹੁਦਿਆਂ ਵਾਲਿਆਂ 'ਤੇ ਹੱਸਣਾ ਦਿਨ-ਬ-ਦਿਨ ਮੁਸ਼ਕਲ ਹੀ ਹੁੰਦਾ ਗਿਆ ਤੇ ਹੁਣ ਤਾਂ ਆਹ ਦਿਨ ਆ ਗਏ ਕਿ ਹਉਕਾ ਭਰਨ ਵਾਲਿਆਂ ਲਈ ਵੀ ਬੁਰੇ ਦਿਨ ਆ ਗਏ:

ਦੇਸ਼ ਦੀ ਚੰਗੀ ਭਲੀ ਫ਼ਿਜ਼ਾ ਵਿਚ
ਇਸ ਦੀ ਸਾਫ਼ ਸਵੱਛ ਹਵਾ ਵਿਚ
ਤੂੰ ਕਿਉਂ ਡੂੰਘਾ ਹਉਕਾ ਭਰਿਆ
ਲਗਦਾ ਹੈਂ ਤੂੰ ਓਹੀ ਹੈਂ
ਯਾਨੀ ਦੇਸ਼-ਧਰੋਹੀ ਹੈ।

ਕੱਲ੍ਹ ਬਠਿੰਡੇ ਵਿਚ ਲੱਗੇ ਪੀਪਲਜ਼ ਲਿਟਰੇਰੀ ਫੈਸਟੀਵਲ ਵਿਚ ਗੁਰਪ੍ਰੀਤ ਦੇ ਬਣਾਏ ਰਾਜਸੀ ਵਿਅੰਗ ਵਾਲੇ ਕਾਰਟੂਨ ਦੇਖ ਕੇ ਹੀ ਸ਼ੰਕਰਜ਼ ਵੀਕਲੀ ਦਾ ਚੇਤਾ ਸੱਜਰਾ ਹੋ ਗਿਆ।

## ਉੱਤਰ ਅੰਦੋਲਨ ਸਮਾਂ

ਕਾਨੂੰਨਾਂ ਦੇ ਵਾਪਸ ਲਏ ਜਾਣ ਨਾਲ ਪੰਜਾਬ ਦੀ ਕਿਸਾਨੀ ਦੇ ਸਾਰੇ ਮਸਲੇ ਹੱਲ ਹੋ ਜਾਣਗੇ। ਇਹ ਵਹਿਮ ਤਾਂ ਸ਼ਾਇਦ ਕਿਸੇ ਨੂੰ ਵੀ ਨਹੀਂ। ਸਾਡੇ ਜ਼ਖ਼ਮ ਤਾਂ ਓਥੇ ਦੇ ਓਥੇ ਰਹਿਣਗੇ, ਇਹ ਸਾਨੂੰ ਪਤਾ ਹੈ। ਇਹ ਜੋ ਲੜਾਈ ਅਸੀਂ ਲੜ ਰਹੇ ਹਾਂ, ਉਹ ਤਾਂ ਇਸ ਲਈ ਲੜ ਰਹੇ ਹਾਂ ਕਿ ਕੇਂਦਰ ਸਰਕਾਰ ਸਾਡੇ ਜ਼ਖ਼ਮਾਂ ਤੋਂ ਆਪਣਾ ਲੂਣ ਵਾਪਸ ਲੈ ਲਵੇ। ਆਪਣੇ ਜ਼ਖ਼ਮਾਂ ਦਾ ਇਲਾਜ ਤਾਂ ਸਾਨੂੰ ਆਪ ਹੀ ਕਰਨਾ ਪਵੇਗਾ।

ਤਿੰਨ ਕਾਨੂੰਨ ਰੱਦ ਕਰਵਾ ਕੇ ਉਸੇ ਧਰਤੀ ਵੱਲ ਮੁੜਨਾ ਹੈ ਜਿੱਥੇ ਖ਼ੁਦਕੁਸ਼ੀਆਂ ਉੱਗਦੀਆਂ ਹਨ। ਉਹ

ਧਰਤੀ ਬਦਲੀ ਹੋਈ ਨਹੀਂ ਹੋਵੇਗੀ। ਪਰ ਮੈਨੂੰ ਕਾਮਲ ਯਕੀਨ ਹੈ ਕਿ ਤਦ ਤੱਕ ਅਸੀਂ ਬਹੁਤ ਬਦਲੇ ਹੋਏ ਹੋਵਾਂਗੇ। ਸਾਡੇ ਜ਼ਖ਼ਮਾਂ ਵਿਚੋਂ ਵੀ ਲਹੂ ਨਹੀਂ, ਚਾਨਣਾ ਸਿੰਮਦਾ ਹੋਏਗਾ। ਅਸੀਂ ਇਸ ਵਿਸ਼ਵਾਸ ਨਾਲ ਮੁੜਾਂਗੇ ਕਿ ਅਸੀਂ ਇਕੱਠੇ ਹੋ ਕੇ ਇਤਿਹਾਸ ਸਿਰਜ ਸਕਦੇ ਹਾਂ। ਅਸੀਂ ਬੇਵੱਸ ਭਾਂਜਵਾਦੀ ਲੋਕ ਨਹੀਂ ਹੋਵਾਂਗੇ।

ਪੰਜਾਬ ਆ ਕੇ ਅਸੀਂ ਦਿੱਲੀ ਤੋਂ ਵੀ ਵੱਡੀ ਫ਼ਤਹਿ ਲਈ ਕਾਰਜ ਕਰਾਂਗੇ। ਸਾਦਾ ਜ਼ਿੰਦਗੀ ਜੀਉਣੀ ਸ਼ੁਰੂ ਕਰਾਂਗੇ। ਫੋਕੇ ਦਿਖਾਵਿਆਂ ਤੋਂ ਗੁਰੇਜ਼ ਕਰਾਂਗੇ। ਪੈਸੇ ਅਤੇ ਸ਼ਕਤੀ ਦੀ ਦੌੜ ਵਿਚੋਂ ਨਿਕਲ ਕੇ ਸਾਡਾ ਮਨ ਉੱਚੀ ਮੱਤ ਦੀ ਪਰਿਕਰਮਾ ਕਰੇਗਾ। ਅਸੀਂ ਨਵਾਂ ਪੰਜਾਬ ਸਿਰਜਣ ਦਾ ਉਪਰਾਲਾ ਕਰਾਂਗੇ। ਉਸ ਲਈ ਪਹਿਲਾ ਪੜਾਅ ਮਨ ਨੀਵਾਂ ਤੇ ਉੱਚੀ ਮੱਤ ਹੀ ਹੈ।

ਤਦ ਤੱਕ ਸਾਨੂੰ ਪਤਾ ਲੱਗ ਚੁੱਕਾ ਹੋਵੇਗਾ ਕਿ ਸਾਡੇ ਨੌਜਵਾਨ ਜੋ ਪਿਛਲੇ ਸਾਲਾਂ ਤੋਂ ਔਝੜੇ ਜਾ ਰਹੇ ਸਨ ਤਾਂ ਉਸ ਦਾ ਕਾਰਨ ਵੀ ਅਸੀਂ ਹੀ ਸਾਂ। ਧਰਮ ਤੋਂ ਉਨ੍ਹਾਂ ਦਾ ਮੋਹ ਭੰਗ ਹੋ ਗਿਆ ਸੀ ਤਾਂ ਇਸ ਲਈ ਕਿ ਉਹ ਸੋਚਣ ਲੱਗ ਪਏ ਕਿ ਜੇ ਧਰਮ ਦੇ ਨਾਂ 'ਤੇ ਰਾਜ ਕਰਨ ਵਾਲੇ ਤੇ ਧਾਰਮਿਕ ਸੰਸਥਾਵਾਂ ਦੇ ਆਲੰਬਰਦਾਰ ਇਹੋ ਜਿਹੇ ਹੁੰਦੇ ਹਨ ਤਾਂ ਫਿਰ ਅਸੀਂ ਧਾਰਮਿਕ ਹੋ ਕੇ ਕੀ ਕਰਨਾ?

ਇਸ ਵਿਚ ਕੋਈ ਸੰਦੇਹ ਨਹੀਂ ਕਿ ਇਸ ਅਨੂਠੇ ਅੰਦੋਲਨ ਤੋਂ ਬਾਅਦ ਦਾ ਪੰਜਾਬ ਇਕ ਵੱਖਰਾ ਪੰਜਾਬ ਹੋਵੇਗਾ। ਸ਼ਾਇਦ ਇਹ ਗੁਰੂ ਨਾਨਕ ਬਾਣੀ ਦੇ ਵਧੇਰੇ ਕਰੀਬ ਹੋ ਜਾਵੇ। ਅਸੀਂ ਸਾਦਾ, ਪਿਆਰ ਭਰੀ, ਦਇਆ ਭਰੀ, ਨਿਆਂਸ਼ੀਲ ਜ਼ਿੰਦਗੀ ਜੀਉ ਕੇ, ਖੇਤੀ ਦਾ ਕੋਈ ਨਵਾਂ ਮਾਡਲ ਲੱਭ ਕੇ ਪੰਜਾਬ ਦੀ ਪੁਨਰ-ਸਿਰਜਣਾ ਕਰ ਸਕੀਏ। ਸ਼ਾਇਦ! ਅਸੀਂ ਖੋਟੀਆਂ ਸਿਆਸਤਾਂ ਤੋਂ ਵੀ ਪੱਲਾ ਛੁਡਾ ਸਕੀਏ।

## ਅਸੀਂ ਤੇਰੇ ਲਈ ਕੀ ਲੈ ਕੇ ਆਈਏ ਮਾਂ?

ਧੀਆਂ-ਪੁੱਤਾਂ ਦੇ ਇਸ ਸਵਾਲ ਦੇ ਜਵਾਬ ਵਿਚ ਧਰਤੀ ਮਾਂ ਭਲਾ ਕੀ ਕਹੇਗੀ? ਬੱਸ ਏਹੀ ਕਿ ਤੁਹਾਨੂੰ ਰੱਬ ਦੀਆਂ ਰੱਖਾਂ, ਮੇਰੇ ਜਾਇਓ। ਤੁਸੀਂ ਰਾਜ਼ੀ ਖੁਸ਼ੀ ਪਰਤੋ। ਬੱਸ ਆਪਣਾ ਇਤਫ਼ਾਕ, ਪਿਆਰ, ਹਲੀਮੀ, ਪਰਉਪਕਾਰ, ਇਨਸਾਫ਼, ਹੌਂਸਲਾ, ਉੱਦਮ ਇਨ੍ਹਾਂ ਵਿਚੋਂ ਕੋਈ ਚੀਜ਼ ਗੁਆ ਕੇ ਨਾ ਆਉਣਾ ਬਾਕੀ ਸਭ ਕੁਝ ਆਪਾਂ ਏਥੇ ਆਪ ਸਿਰਜ ਲਵਾਂਗੇ। ਜ਼ਹਿਰ-ਬੁਝੇ ਸ਼ਬਦ ਬਾਣਾਂ ਦੇ ਜ਼ਖ਼ਮ ਵੀ, ਸਣੇ ਰੋਸ, ਲੈ ਆਉਣਾ। ਇਹ ਰੋਸ ਵੀ ਅਸੀਂ ਜ਼ਾਇਆ ਨਹੀਂ ਕਰਨਾ। ਇਸ ਦੇ ਸੇਕ ਨਾਲ ਆਪਾਂ ਨਵਾਂ ਪੰਜਾਬ ਸਿਰਜਣਾ ਹੈ।

## ਪੁਰਾਣੀਆਂ ਨਜ਼ਮਾਂ ਵਿਚੋਂ ਨਵੇਂ ਪੱਤੇ

ਕਈ ਵਾਰੀ ਪੁਰਾਣੀਆਂ ਨਜ਼ਮਾਂ ਵਿਚੋਂ ਨਵੇਂ ਪੱਤੇ ਫੁੱਟ ਪੈਂਦੇ ਨੇ। ਮੈਂ ਅੱਜ ਤੋਂ ਲਗਭਗ ਚਾਰ ਦਹਾਕੇ ਪਹਿਲਾਂ ਇਕ ਸ਼ਿਅਰ ਲਿਖਿਆ ਸੀ:

ਏਨਾ ਸੱਚ ਨ ਬੋਲ ਕਿ ਕੱਲਾ ਰਹਿ ਜਾਵੇਂ
ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ।

ਪਿਛਲੇ ਸਾਲ ਇਸ ਸ਼ਿਅਰ ਵਿਚੋਂ ਨਵੇਂ ਪੱਤੇ ਫੁੱਟ ਆਏ:

ਝੂਠਿਆਂ ਦੇ ਝੁੰਡ ਦੇ ਵਿਚ ਸੱਚ ਕਹਿ ਕੇ
ਮੈਂ ਜਦੋਂ ਬਿਲਕੁਲ ਇਕੱਲਾ ਰਹਿ ਗਿਆ।

ਸਤਿਗੁਰਾਂ ਨੂੰ ਯਾਦ ਕੀਤਾ
ਤਾਂ ਸਵਾ ਲੱਖ ਹੋ ਗਿਆ।

ਇਕ ਹੋਰ ਮੇਰੀ ਨਜ਼ਮ, ਜੋ ਮੈਂ ਪੰਜਾਬ ਦੇ ਬਹੁਤ ਉਦਾਸ ਦਿਨਾਂ ਵਿਚ ਲਿਖੀ ਸੀ, ਕਈ ਸਾਲ ਦੋ ਸਤਰਾਂ ਦੀ ਰਹੀ:

ਮਾਤਮ, ਹਿੰਸਾ, ਖ਼ੌਫ਼, ਬੇਬਸੀ ਤੇ ਅਨਿਆਂ
ਇਹ ਨੇ ਅੱਜ ਕੱਲ੍ਹ ਮੇਰੇ ਪੰਜਾਂ ਦਰਿਆਵਾਂ ਦੇ ਨਾਂ

ਪਰ ਇਕ ਦਿਨ ਇਹ ਨਜ਼ਮ ਵਿਚੋਂ ਵੀ ਜਿਵੇਂ ਨਵੇਂ ਪੱਤੇ ਫੁੱਟ ਆਏ:

ਮਾਤਮ, ਹਿੰਸਾ, ਖ਼ੌਫ਼, ਬੇਬਸੀ ਤੇ ਅਨਿਆਂ
ਇਹ ਨੇ ਅੱਜਕਲ ਮੇਰੇ ਪੰਜਾਂ ਦਰਿਆਵਾਂ ਦੇ ਨਾਂ
ਜੋ ਹੁੰਦੇ ਸਨ ਸਤਲੁਜ, ਬਿਆਸ, ਰਾਵੀ, ਜਿਹਲਮ ਅਤੇ ਝਨਾਂ
ਪਰ ਜਿਹੜੇ ਇਕ ਦਿਨ ਹੋਵਣਗੇ
ਰਾਗ, ਸ਼ਾਇਰੀ, ਹੁਸਨ, ਮੁਹੱਬਤ ਅਤੇ ਨਿਆਂ
ਮੇਰੇ ਪੰਜਾਂ ਦਰਿਆਵਾਂ ਦੇ ਨਾਂ

ਇਨੀਂ ਦਿਨੀਂ ਮੈਨੂੰ ਲਗਦਾ ਹੈ ਕਿ ਪੰਜਾਬ ਦੇ ਸ਼ਾਇਰਾਂ ਦੀਆਂ ਨਜ਼ਮਾਂ ਵਿਚੋਂ ਨਵੇਂ ਪੱਤੇ ਫੁੱਟ ਰਹੇ ਹਨ, ਪੰਜਾਬ ਦੀ ਸੋਚ ਸੰਵੇਦਨਾ ਵਿਚੋਂ ਵੀ ਨਵੇਂ ਪੱਤੇ ਫੁੱਟਣਗੇ।

**ਸੰਪਰਕ: 98145-4272**

# ਅਮਰੀਕੀ ਕਿਸਾਨ ਕੰਟਰੈਕਟ ਫਾਰਮਿੰਗ ਦੇ ਕੀ ਸਿੱਟੇ ਭੁਗਤ ਰਹੇ ਹਨ?

**ਰਿਪੋਰਟ- ਬੀਬੀਸੀ ਪੰਜਾਬੀ**
**5 ਜਨਵਰੀ 2021**
**ਪੱਤਰਕਾਰ- ਵਿਨੀਤ ਖਰੇ**

**ਨੋਟ- ਇਹ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਸਰਕਾਰੀ ਸਿਸਟਮ ਕਮਜ਼ੋਰ ਹੋਣ ਉਪਰੰਤ ਕੰਟਰੈਕਟ ਫਾਰਮਿੰਗ ਵਿੱਚ ਕਿਸ ਤਰ੍ਹਾਂ ਕਿਸਾਨ ਦਾ ਸ਼ੋਸ਼ਣ ਹੁੰਦਾ ਹੈ। -ਸੰਪਾਦਕ**

ਅਮਰੀਕਾ ਵਿੱਚ ਕਈ ਦਹਾਕਿਆਂ ਤੋਂ ਖੇਤੀ ਅਤੇ ਪਸ਼ੂਪਾਲਣ ਦੇ ਖੇਤਰ ਵਿੱਚ ਕੰਟਰੈਕਟ ਫਾਰਮਿੰਗ ਜਾਂ ਠੇਕੇ ਵਾਲੀ ਖੇਤੀ ਹੋ ਰਹੀ ਹੈ।

ਅਮਰੀਕਾ ਦੇ ਉੱਤਰੀ ਕੈਰੋਲਾਈਨਾ ਵਿੱਚ ਸੂਰ ਪਾਲਕ ਕਿਸਾਨ ਵਿਲੀਅਮ ਥਾਮਸ ਬਟਲਰ ਨੇ 1995 ਵਿੱਚ ਇੱਕ ਮੀਟ ਪ੍ਰੋਸੈਸਿੰਗ ਕੰਪਨੀ ਦੇ ਨਾਲ ਕਰਾਰ ਕੀਤਾ ਸੀ।

ਸੌਦੇ ਵਿੱਚ ਲਿਖੀਆਂ ਸ਼ਰਤਾਂ ਬਾਰੇ ਉਹ ਕਹਿੰਦੇ ਹਨ, "ਅਸੀਂ ਜਿਨ੍ਹਾਂ ਨਾਲ ਕਰਾਰ ਕਰਦੇ ਹਾਂ, ਉਨ੍ਹਾਂ ਉੱਪਰ ਥੋੜ੍ਹਾ ਬਹੁਤ ਭਰੋਸਾ ਜ਼ਰੂਰ ਕਰਦੇ ਹਾਂ।"

ਉਨ੍ਹਾਂ ਨੇ ਮੈਨੂੰ ਦੱਸਿਆ ਕਿ ਕੰਪਨੀ ਨੇ ਉਨ੍ਹਾਂ ਨੂੰ ਹਰ ਸਾਲ ਕਿੰਨਾ ਮੁਨਾਫ਼ਾ ਹੋਣਾ ਚਾਹੀਦਾ ਹੈ ਇਸ ਬਾਰੇ ਦੱਸਿਆ ਸੀ।

ਬਟਲਰ ਨੇ ਕਰੀਬ ਛੇ ਲੱਖ ਡਾਲਰ ਲੋਨ ਚੁੱਕ ਕੇ 108 ਏਕੜ ਜ਼ਮੀਨ ਵਿੱਚ ਛੇ ਸੂਰਾਂ ਦੇ ਛੇ ਵਾੜੇ ਤਿਆਰ ਕੀਤੇ।

ਪਹਿਲੇ ਪੰਜ-ਛੇ ਸਾਲਾਂ ਵਿੱਚ ਉਨ੍ਹਾਂ ਨੇ ਸਾਲਾਨਾ ਪੱਚੀ ਤੋਂ ਤੀਹ ਹਜ਼ਾਰ ਡਾਲਰ ਦਾ ਲਾਭ ਕਮਾਇਆ ਜਿਸ ਨਾਲ ਉਨ੍ਹਾਂ ਨੇ ਚਾਰ ਹੋਰ ਵਾੜੇ ਤਿਆਰ ਕਰ ਲਏ।

ਉਹ ਕਹਿੰਦੇ ਹਨ, "ਕਾਫ਼ੀ ਵਧੀਆ ਅਤੇ ਸ਼ਾਨਦਾਰ ਚੱਲ ਰਿਹਾ ਸੀ। ਸ਼ੁਰੂ ਵਿੱਚ ਅਜਿਹਾ ਲੱਗ ਰਿਹਾ ਸੀ ਕਿ ਚੀਜ਼ਾਂ ਬਿਹਤਰ ਹੋ ਰਹੀਆਂ ਹਨ।"

ਬਟਲਰ ਨੇ ਦੱਸਿਆ ਕਿ ਬਾਅਦ ਵਿੱਚ ਹਾਲਾਤ ਵਿੱਚ ਬਦਲਾਅ ਆਉਣ ਲੱਗ ਪਿਆ।

ਉਨ੍ਹਾਂ ਨੇ ਕਿਹਾ, "ਪਹਿਲੀ ਚੀਜ਼ ਜੋ ਕੰਪਨੀ ਨੇ ਨਹੀਂ ਡਲਿਵਰ ਕੀਤੀ ਉਹ ਸੀ ਕੂੜੇ ਦੇ ਬੰਦੋਬਸਤ ਬਾਰੇ ਦਿੱਤੀ ਜਾਣ ਵਾਲੀ ਸਿਖਲਾਈ। ਮੈਂ ਨਹੀਂ ਜਾਣਦਾ ਕਿ ਕਿਸੇ ਵੀ ਕਿਸਾਨ ਨੂੰ ਇਹ ਅੰਦਾਜ਼ਾ ਹੋਵੇਗਾ ਕਿ ਉਹ ਰੋਜ਼ਾਨਾ ਕਿੰਨਾ ਕੂੜਾ ਪੈਦਾ ਕਰਦਾ ਹੈ।

"ਮੇਰੇ ਛੋਟੇ ਜਿਹੇ ਖੇਤ ਵਿੱਚ ਦਸ ਹਜ਼ਾਰ ਗੇਲਣ ਤੋਂ ਵਧੇਰੇ ਕੂੜਾ ਹਰ ਰੋਜ਼ ਪੈਦਾ ਹੁੰਦਾ ਹੈ। ਜੇ ਕਿਸੇ ਕਿਸਾਨ ਨੂੰ ਉਸ ਸਮੇਂ 1995 ਵਿੱਚ ਇਹ ਪਤਾ ਹੁੰਦਾ ਤਾਂ ਕੋਈ ਵੀ ਇਸ ਸੌਦੇ ਲਈ ਤਿਆਰ ਨਾ ਹੁੰਦਾ। ਲੇਕਿਨ ਸਾਨੂੰ ਪੂਰੀ ਤਰ੍ਹਾਂ ਹਨੇਰੇ ਵਿੱਚ ਰੱਖਿਆ ਗਿਆ।"

ਕਮਾਈ ਵਿੱਚ ਵਾਧਾ-ਘਾਟਾ ਸ਼ੁਰੂ ਹੋਣ ਦੇ ਨਾਲ ਹੀ ਕਰਾਰ ਅਧੀਨ ਜ਼ਿੰਮੇਵਾਰੀਆਂ ਵੀ ਵਧਣ ਲੱਗੀਆਂ।

ਬਟਲਰ ਦੱਸਦੇ ਹਨ, "ਸਾਨੂੰ ਦੱਸਿਆ ਗਿਆ ਸੀ ਕਿ ਅਸੀਂ ਕਿਵੇਂ ਪੈਸੇ ਕਮਾ ਸਕਦੇ ਹਾਂ ਪਰ ਉਹ ਸਭ ਕੁਝ ਅਸਲ ਵਿੱਚ ਵਧਾਅ-ਚੜ੍ਹਾਅ ਕੇ ਦੱਸਿਆ ਗਿਆ ਸੀ। ਹੌਲੀ-ਹੌਲੀ ਕਈ ਸਾਲਾਂ ਵਿੱਚ ਉਨ੍ਹਾਂ ਵੱਲੋਂ ਦਿੱਤੀ ਗਈ ਗਰੰਟੀ ਨੂੰ ਉਨ੍ਹਾਂ ਨੇ ਬਦਲ ਦਿੱਤਾ।"

"ਸ਼ੁਰੂ ਵਿੱਚ ਸਾਰੀ ਜ਼ਿੰਮੇਵਾਰੀ ਕੰਪਨੀ ਦੇ ਉੱਪਰ ਹੁੰਦੀ ਸੀ। ਕਿਸਾਨਾਂ ਨੇ ਸਿਰਫ਼ ਸੂਰ ਪਾਲਣੇ ਹੁੰਦੇ ਸਨ। ਬਿਮਾਰੀ ਜਾਂ ਬਜ਼ਾਰ ਦੇ ਉਤਰਾਅ-ਚੜ੍ਹਾਅ ਵਰਗੀਆਂ ਗੱਲਾਂ ਦੀ ਫ਼ਿਕਰ ਕਿਸਾਨਾਂ ਨੇ ਨਹੀਂ ਸੀ ਕਰਨੀ ਹੁੰਦੀ।"

"ਹੌਲੀ-ਹੌਲੀ ਬਿਮਾਰੀ ਤੋਂ ਲੈ ਕੇ ਬਜ਼ਾਰ ਦੇ ਉਤਰਾਅ-ਚੜ੍ਹਾਅ ਦੀ ਜ਼ਿੰਮੇਵਾਰੀ ਵੀ ਸਾਡੇ ਉੱਪਰ ਆ ਗਈ।"

"ਇਨ੍ਹਾਂ ਸਭ ਚੀਜ਼ਾਂ ਲਈ ਕੰਪਨੀ ਦੀ ਥਾਵੇਂ ਸਾਡੇ

ਵੱਲੋਂ ਭੁਗਤਾਨ ਕੀਤਾ ਜਾਣ ਲੱਗਿਆ। ਅਸੀਂ ਜਿਨ੍ਹਾਂ ਚੀਜ਼ਾਂ ਦੀ ਉਮੀਦ ਕੀਤੀ ਸੀ, ਹੁਣ ਉਨ੍ਹਾਂ ਉੱਪਰ ਸਾਡਾ ਕੋਈ ਵੱਸ ਨਹੀਂ ਸੀ ਰਿਹਾ।"

ਕਰਜ਼ ਵਿੱਚ ਡੁੱਬੇ ਹੋਣ ਕਾਰਨ ਬਟਲਰ ਹੁਣ ਕਰਾਰ ਤੋਂ ਬਾਹਰ ਨਹੀਂ ਆ ਸਕਦੇ, ਰਾਹ ਬੰਦ ਹੋ ਚੁੱਕਿਆ ਹੈ।

(ਪੱਤਰਕਾਰ ਵੱਲੋਂ ਟਿੱਪਣੀ)

ਉਹ ਕਹਿੰਦੇ ਹਨ ਕਿ ਅਸੀਂ ਕਰਾਰ ਤੋੜ ਵੀ ਨਹੀਂ ਸਕਦੇ ਕਿਉਂਕਿ ਅਜਿਹਾ ਕਰਨ ਨਾਲ ਦੂਜੀ ਸਥਾਨਕ ਕੰਪਨੀ ਨਾਲ ਕਰਾਰ ਹੋ ਸਕਣ ਦੀ ਸੰਭਾਵਨਾ ਮੱਧਮ ਹੋ ਜਾਵੇਗੀ।

ਕਰਾਰ ਤੋਂ ਬਾਹਰ ਆਉਣ ਦਾ ਅਰਥ ਇਹ ਵੀ ਹੋਵੇਗਾ ਕਿ ਹੁਣ ਤੱਕ ਲਾਈ ਪੂੰਜੀ ਤੋਂ ਹੱਥ ਧੋਣੇ ਪੈਣਗੇ।

ਕਾਰਕੁਨਾਂ ਦਾ ਕਹਿਣਾ ਹੈ ਕਿ ਮੁਨਾਫ਼ਾ ਕਮਾਉਣ ਲਈ ਕਾਰਪੋਰੇਟਾਂ ਨੇ ਕਿਸਾਨਾਂ ਨੂੰ ਪੂਰੀ ਤਰ੍ਹਾਂ ਨਿਚੋੜ ਲਿਆ ਹੈ।

ਕਿਸਾਨਾਂ ਦਾ ਕਹਿਣਾ ਹੈ ਕਿ ਮੁਰਗੀ ਪਾਲਣ ਵਾਲੇ ਕਿਸਾਨ ਨੂੰ ਕਰਾਰ ਦੇ ਹਿਸਾਬ ਨਾਲ ਘੱਟ ਲਾਗਤ 'ਤੇ ਵਧੀਆ ਮੁਰਗੀਆਂ ਤਿਆਰ ਕਰਨ 'ਤੇ ਭੁਗਤਾਨ ਕੀਤਾ ਜਾਂਦਾ ਹੈ। ਇਸ ਨੂੰ 'ਟੂਰਨਾਮੈਂਟ ਸਿਸਟਮ' ਕਿਹਾ ਜਾਂਦਾ ਹੈ।

ਇਸ ਦਾ ਅਰਥ ਇਹ ਹੋਇਆ ਕਿ ਇੱਕ ਕਿਸਾਨ ਦੂਜੇ ਕਿਸਾਨ ਦੇ ਨਾਲ ਮੁਕਾਬਲਾ ਕਰੇਗਾ ਅਤੇ ਅੱਧੇ ਕਿਸਾਨਾਂ ਨੂੰ ਬੋਨਸ ਮਿਲੇਗਾ ਅਤੇ ਅੱਧੇ ਕਿਸਾਨਾਂ ਨੂੰ ਮਿਲਣ ਵਾਲੇ ਪੈਸੇ ਵਿੱਚ ਕਟੌਤੀ ਕੀਤੀ ਜਾਵੇਗੀ।

## ਮੁੱਠੀ ਭਰ ਕਾਰਪੋਰਟਾਂ ਦੇ ਹੱਥ ਵਿੱਚ ਸਾਰਾ ਸਿਸਟਮ?

ਦਹਾਕਿਆਂ ਤੋਂ ਕੰਟਰੈਕਟ ਫਾਰਮਿੰਗ ਨੂੰ ਇਹ ਕਹਿ ਕੇ ਹੱਲਾਸ਼ੇਰੀ ਦਿੱਤੀ ਜਾਂਦੀ ਰਹੀ ਹੈ ਕਿ ਇਹ ਕਿਸਾਨੀ ਅਤੇ ਪਸ਼ੂਪਾਲਣ ਨੂੰ ਆਧੁਨਿਕ ਬਣਾਉਣ ਵਿੱਚ ਮਦਦਗਾਰ ਹੋਵੇਗੀ ਅਤੇ ਕਿਸਾਨਾਂ ਨੂੰ ਬਿਹਤਰ ਬਜ਼ਾਰ ਦਾ ਵਿਕਲਪ ਮਿਲੇਗਾ।

ਆਲੋਚਕਾਂ ਦਾ ਤਰਕ ਹੈ ਕਿ ਇਸ ਨਾਲ ਕੁਝ ਮੁੱਠੀ ਭਰ ਕਾਰਪੋਰਟਾਂ ਦੇ ਹੱਥ ਵਿੱਚ ਸਾਰਾ ਸਿਸਟਮ ਆ ਜਾਵੇਗਾ ਅਤੇ ਕਿਸਾਨਾਂ ਦਾ ਸ਼ੋਸ਼ਣ ਸੌਖਾ ਹੋ ਜਾਵੇਗਾ।

ਕੰਪਨੀਆਂ ਇਸ ਕਿਸਮ ਦੇ ਇਲਜ਼ਾਮਾਂ ਦਾ ਖੰਡਨ ਕਰਦੀਆਂ ਹਨ। ਉਨ੍ਹਾਂ ਦਾ ਤਰਕ ਹੈ ਕਿ ਕੰਟਰੈਕਟ ਫਾਰਮਿੰਗ ਕਿਸਾਨ ਅਤੇ ਪ੍ਰੋਸੈਸਿੰਗ ਕੰਪਨੀ ਦੋਵਾਂ ਲਈ ਲਾਹੇ ਦਾ ਸੌਦਾ ਹੈ।

ਕੰਪਨੀਆਂ ਦੀਆਂ ਵੈਬਸਾਈਟਾਂ ਖ਼ੁਸ਼ਹਾਲ ਕਿਸਾਨਾਂ ਦੀਆਂ ਕਹਾਣੀਆਂ ਨਾਲ ਭਰੀਆਂ ਹੁੰਦੀਆਂ ਹਨ ਜਦਕਿ ਆਲੋਚਕ ਕਹਿੰਦੇ ਹਨ ਕਿ ਇਹ ਸਭ ਮੀਡੀਆ ਅਤੇ ਨੇਤਾਵਾਂ ਨੂੰ ਸੰਤੁਸ਼ਟ ਕਰਨ ਲਈ ਹੀ ਹੁੰਦੀਆਂ ਹਨ।

ਅਮਰੀਕਾ ਵਿੱਚ ਚਾਰ ਕੰਪਨੀਆਂ ਅੱਸੀ ਫ਼ੀਸਦੀ ਤੋਂ ਵਧੇਰੇ ਬੀਫ਼ ਦਾ ਉਤਪਾਦਨ ਅਤੇ ਪ੍ਰੋਸੈਸਿੰਗ ਕਰਦੀਆਂ ਹਨ।

ਸਾਲ 2015 ਵਿੱਚ ਪੰਜ ਕੰਪਨੀਆਂ ਦਾ ਸੱਠ ਫ਼ੀਸਦੀ ਤੋਂ ਵਧੇਰੇ ਚਿਕਨ ਦੇ ਕਾਰੋਬਾਰ ਉੱਪਰ ਕੰਟਰੋਲ ਸੀ। ਇਹ ਕੰਪਨੀਆਂ ਫ਼ੀਡ ਮਿੱਲਾਂ, ਬੁੱਚੜਖਾਨਿਆਂ ਅਤੇ ਹੈਚਰੀਆਂ ਚਲਾਉਂਦੀਆਂ ਹਨ।

ਚਾਰ ਬਾਇਓਟੈਕ ਕੰਪਨੀਆਂ ਦਾ ਸੋਇਆਬੀਨ ਦੀ ਪ੍ਰੋਸੈਸਿੰਗ ਦੇ ਅੱਸੀ ਫ਼ੀਸਦੀ ਤੋਂ ਵਧੇਰੇ ਕਾਰੋਬਾਰ ਉੱਪਰ ਕੰਟਰੋਲ ਹੈ।

ਸੂਰਾਂ ਦੇ ਕਾਰੋਬਾਰ ਨਾਲ ਜੁੜੀਆਂ ਚਾਰ ਸਿਰਮੌਰ ਕੰਪਨੀਆਂ ਦਾ ਇਸ ਦੇ ਦੋ ਤਿਹਾਈ ਬਜ਼ਾਰ ਉੱਪਰ ਕੰਟਰੋਲ ਹੈ।

ਕੁਝ ਮੁੱਠੀ ਭਰ ਵੱਡੀਆਂ ਕੰਪਨੀਆਂ ਕਿਸਾਨਾਂ ਨੂੰ ਇਹ ਵਿਕਲਪ ਦਿੰਦੀਆਂ ਹਨ ਕਿ ਉਹ ਵਪਾਰ ਕਰ ਸਕਣ।

ਇਨ੍ਹਾਂ ਕਿਸਾਨਾਂ ਦਾ ਸ਼ਿਕਵਾ ਹੈ ਕਿ ਉਨ੍ਹਾਂ ਨੂੰ ਸਬਜ਼ਬਾਗ਼ ਦਿਖਾ ਕੇ ਫ਼ਸਾਇਆ ਜਾਂਦਾ ਹੈ ਜਦਕਿ ਅਸਲੀਅਤ ਵਿੱਚ ਅਜਿਹਾ ਨਹੀਂ ਹੈ।

ਕੰਪਨੀਆਂ ਆਪਣੇ ਕਰਾਰ ਦੀਆਂ ਸ਼ਰਤਾਂ ਬਦਲ ਦਿੰਦੀਆਂ ਹਨ ਅਤੇ ਮਨਮੰਨੇ ਤਰੀਕੇ ਨਾਲ ਵਧੇਰੇ ਪੈਸੇ ਥੋਪਦੀਆਂ ਹਨ ਜਾਂ ਫ਼ਿਰ ਜਦੋਂ ਚਾਹੁਣ ਕਿਸੇ ਵੀ ਵਜ੍ਹਾ ਤੋਂ ਕਰਾਰ ਤੋੜ ਦਿੰਦੀਆਂ ਹਨ। ਇਸੇ ਤਰ੍ਹਾਂ ਦੇ ਵਿਹਾਰ ਬਾਰੇ ਭਾਰਤੀ ਕਿਸਾਨ ਵੀ ਡਰੇ ਹੋਏ ਹਨ।

ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਵਿੱਚ ਪੀਐੱਚਡੀ ਖੋਜਾਰਥੀ ਤਲਹਾ ਰਹਿਮਾਨ ਦਾ ਕਹਿਣਾ ਹੈ ਕਿ

ਕੰਟਰੈਕਟ ਫਾਰਮਿੰਗ ਇੱਕ ਤਰ੍ਹਾਂ ਦਾ ਮਿਸ਼ਰਿਤ ਵਰਦਾਨ ਹੈ।

ਰਹਿਮਾਨ ਦੇ ਪੜਦਾਦਾ ਇਮਾਮ ਬਖ਼ਸ਼ ਭਾਰਤ ਵਿੱਚ ਕਿਸਾਨ ਸਨ। ਇਮਾਮ ਬਖ਼ਸ਼ ਸਾਲ 1906 ਵਿੱਚ ਆਪਣੇ ਬੇਟੇ ਕਾਲੂ ਖ਼ਾਨ ਨਾਲ ਕੈਲੀਫੋਰਨੀਆ ਆ ਗਏ ਸਨ।

ਉਨ੍ਹਾਂ ਦੇ ਪਰਿਵਾਰ ਕੋਲ ਇਸ ਸੂਬੇ ਵਿੱਚ ਸੈਂਕੜੇ ਏਕੜ ਖੇਤੀ ਵਾਲੀ ਜ਼ਮੀਨ ਹੈ ਅਤੇ ਉਹ ਕੰਟਰੈਕਟ ਫਾਰਮਿੰਗ ਕਰਦੇ ਹਨ।

ਰਹਿਮਾਨ ਦੱਸਦੇ ਹਨ, "ਕਿਸਾਨਾਂ ਲਈ ਖ਼ਤਰਾ ਘਟ ਜਾਂਦਾ ਹੈ (ਕੰਟਰੇਕਟ ਫਾਰਮਿੰਗ ਕਾਰਨ) ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਕੋਲ ਖ਼ਰੀਦਾਰ ਹੈ।"

ਤੁਹਾਡੇ ਕੋਲ ਇੱਕ ਸੁਰੱਖਿਆ ਦੀ ਭਾਵਨਾ ਆ ਜਾਂਦੀ ਹੈ, ਪਰ ਇਸ ਵਿੱਚ ਪਾਰਦਰਸ਼ਿਤਾ ਦੀ ਘਾਟ ਹੁੰਦੀ ਹੈ। ਤੁਹਾਡਾ ਕੰਟਰੋਲ ਵੀ ਨਹੀਂ ਹੁੰਦਾ ਕਿਉਂਕਿ ਤੁਹਾਨੂੰ ਪਤਾ ਨਹੀਂ ਹੁੰਦਾ ਕਿ ਤੁਹਾਡੀ ਜਿਣਸ ਦੀ ਕੀਮਤ ਆਖ਼ਰ ਕੀ ਮਿਲਣ ਵਾਲੀ ਹੈ।

## ਦੋ ਤਰ੍ਹਾਂ ਦੇ ਕਰਾਰ

ਕੰਟਰੈਕਟ ਫਾਰਮਿੰਗ ਲਈ ਮੁੱਖ ਰੂਪ ਵਿੱਚ ਦੋ ਤਰ੍ਹਾਂ ਦੇ ਕਰਾਰ ਕੀਤੇ ਜਾਂਦੇ ਹਨ।

ਇੱਕ ਹੁੰਦਾ ਹੈ ਮਾਰਕਿਟਿੰਗ ਕੰਟਰੈਕਟ (ਮੰਡੀਕਰਨ ਕਰਾਰ) ਅਤੇ ਦੂਜਾ ਹੁੰਦਾ ਹੈ ਪ੍ਰੋਡਕਸ਼ਨ ਕੰਟਰੈਕਟ (ਉਤਪਾਦਨ ਕਰਾਰ)।

ਮਾਰਕੀਟਿੰਗ ਕੰਟਰੈਕਟ ਦੇ ਤਹਿਤ ਜਿਣਸ ਉੱਪਰ ਮਾਲਕਾਨਾ ਹੱਕ ਕਿਸਾਨ ਦਾ ਹੁੰਦਾ ਹੈ ਜਦਕਿ ਪ੍ਰੋਡਕਸ਼ਨ ਕੰਟਰੈਕਟ ਵਿੱਚ ਠੇਕੇਦਾਰ ਅਕਸਰ ਕਿਸਾਨਾਂ ਨੂੰ ਸੇਵਾ ਅਤੇ ਤਕਨੀਕੀ ਮਾਰਗਦਰਸ਼ਨ ਮੁਹੱਈਆ ਕਰਵਾਉਂਦੇ ਹਨ। ਉਨ੍ਹਾਂ ਨੂੰ ਪੈਦਾਵਾਰ ਲਈ ਫ਼ੀਸ ਮਿਲਦੀ ਹੈ।

ਮਾਈਕ ਵੀਵਰ ਇੱਕ ਕੰਟਰੈਕਟ ਫਾਰਮਰ ਹਨ। ਉਨ੍ਹਾਂ ਦਾ ਇੱਕ ਵਿਸ਼ਾਲ ਪੋਲਟਰੀ ਫ਼ਾਰਮ ਹੈ। ਉਨ੍ਹਾਂ ਨੇ ਉੱਨੀ ਸਾਲਾਂ ਬਾਅਦ ਕਰਾਰ ਤੋਂ ਬਾਹਰ ਨਿਕਲਣ ਦਾ ਫ਼ੈਸਲਾ ਲਿਆ।

ਬੁਨਿਆਦੀ ਢਾਂਚਾ ਖੜ੍ਹਾ ਕਰਨ ਲਈ ਉਨ੍ਹਾਂ ਨੂੰ ਪੰਦਰਾਂ ਲੱਖ ਡਾਲਰ ਦਾ ਲੋਨ ਲੈਣਾ ਪਿਆ ਸੀ।

ਉਹ ਦੱਸਦੇ ਹਨ, "ਤੁਸੀਂ ਕਲਪਨਾ ਕਰੋ ਕਿ ਇਕ ਕਿਸਾਨ 15 ਲੱਖ ਡਾਲਰ ਲੈਂਦਾ ਹੈ ਜਿਵੇਂ ਮੈਂ ਇਨਫਰਾਸਟਰਕਚਰ ਖੜ੍ਹਾ ਕੀਤਾ, ਅਜਿਹਾ ਖੜ੍ਹਾ ਕਰਨ ਲਈ। ਉਹ ਖ਼ੁਸ਼ਕਿਸਮਤ ਹੋਇਆ ਤਾਂ ਆਪਣਾ ਬਿਲ ਭਰ ਸਕੇਗਾ ਅਤੇ ਆਪਣਾ ਪਰਿਵਾਰ ਵੀ ਪਾਲ ਸਕੇਗਾ। ਇੰਨਾ ਘੱਟ ਮੁਨਾਫ਼ਾ ਹਾਸਲ ਹੋਵੇਗਾ।"

ਵਰਜੀਨੀਆ ਕੰਟਰੈਕਟ ਪੋਲਟਰੀ ਗਰੋਅਰਸ ਐਸੋਸੀਏਸ਼ਨ ਦੇ ਮੁਖੀ ਮਾਈਕ ਵੀਵਰ ਕਹਿੰਦੇ ਹਨ, "ਪੋਲਟਰੀ ਦੇ ਕਾਰੋਬਾਰ ਵਿੱਚ ਲੱਗੇ ਲੋਕ ਵੱਡੀ ਸੰਖਿਆ ਵਿੱਚ ਇਸ ਕਾਰੋਬਾਰ ਨੂੰ ਛੱਡਣ ਲਈ ਮਜ਼ਬੂਰ ਹੋ ਰਹੇ ਹਨ ਅਤੇ ਉਹ ਆਪਣੇ ਬੱਚੇ ਪਾਲਣ ਲਈ ਹੁਣ ਨੌਕਰੀ ਕਰ ਰਹੇ ਹਨ।"

"ਉਹ ਆਪਣੇ ਕਰਜ਼ੇ ਮੋੜਨ ਲਈ ਮਿਹਨਤ ਕਰ ਰਹੇ ਹਨ ਤਾਂ ਜੋ ਆਪਣਾ ਖੇਤ ਬਚਾ ਸਕਣ।"

ਜਦੋਂ ਤੁਸੀਂ ਕਿਸੇ ਦੁਕਾਨ ਵਿੱਚ ਜਾਂਦੇ ਹੋ ਤਾਂ 3-4 ਡਾਲਰ ਇੱਕ ਚਿਕਨ ਉੱਪਰ ਖ਼ਰਚ ਕਰਦੇ ਹੋ ਪਰ ਇਸ ਨੂੰ ਤਿਆਰ ਕਰਨ ਵਿੱਚ ਛੇ ਹਫ਼ਤੇ ਲਗਦੇ ਹਨ ਅਤੇ ਇਸ ਨੂੰ ਤਿਆਰ ਕਰਨ ਵਾਲੇ ਨੂੰ ਸਿਰਫ਼ ਛੇ ਸੈਂਟ ਮਿਲਦੇ ਹਨ। ਬਾਕੀ ਸਾਰੇ ਪ੍ਰੋਸੈਸਰ ਅਤੇ ਰਿਟੇਲਰ ਦੇ ਕੋਲ ਜਾਂਦੇ ਹਨ।"

ਕੰਟਰੈਕਟ ਫਾਰਮਿੰਗ ਨੇ ਅਮਰੀਕੀ ਖ਼ੁਰਾਕ ਕਾਰੋਬਾਰ ਅਤੇ ਪੇਂਡੂ ਅਰਥਚਾਰੇ ਦਾ ਮੁਹਾਂਦਰਾ ਬਦਲ ਦਿੱਤਾ ਹੈ।

ਨੈਸ਼ਨਲ ਪੋਲਟਰੀ ਗਰੋਅਰਸ ਐਸੋਸੀਏਸ਼ਨ ਐਂਡ ਯੂਐੱਸ ਡਿਪਾਰਟਮੈਂਟ ਆਫ਼ ਐਗਰੀਕਲਚਰ ਦੇ 2001 ਦੇ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਸੀ ਕਿ 71 ਫ਼ੀਸਦੀ ਉਤਪਾਦਕ ਜਿਨ੍ਹਾਂ ਦੀ ਆਮਦਨੀ ਸਿਰਫ਼ ਮੁਰਗੀ ਪਾਲਣ ਉੱਪਰ ਨਿਰਭਰ ਹੈ, ਉਹ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।

ਐਕਟਵਿਸਟ ਕਈ ਸਾਲਾਂ ਤੋਂ ਪੋਲਟਰੀ ਅਤੇ ਮੀਟ ਕਾਰੋਬਾਰ ਦੇ ਕੇਂਦਰੀਕਰਣ ਦਾ ਵਿਰੋਧ ਕਰ ਰਹੇ ਹਨ। ਉਤਪਾਦਕਾਂ ਉੱਪਰ ਲੱਖਾਂ ਰੁਪਏ ਦਾ ਭਾਰੀ ਖ਼ਰਚ ਹੈ ਅਤੇ ਕਈ ਖ਼ੁਦਕੁਸ਼ੀ ਵਰਗੇ ਕਦਮ ਵੀ ਚੁੱਕ ਰਹੇ ਹਨ।

## ਹਰ ਸਾਲ ਕਿੰਨੇ ਕਿਸਾਨ ਖ਼ੁਦਕੁਸ਼ੀ ਕਰ ਰਹੇ

**ਹਨ। ਇਸ ਬਾਰੇ ਆਂਕੜਾ ਹਾਲੇ ਉਪਲਭਧ ਨਹੀਂ ਹੈ ਪਰ ਸੈਂਟਰ ਫ਼ਾਰ ਡਿਜ਼ੀਜ ਕੰਟਰੋਲ ਐਂਡ ਪ੍ਰੀਵੈਂਸ਼ਨ ਦੇ ਮੁਤਾਬਕ ਦੂਜੇ ਪੇਸ਼ਿਆਂ ਦੀ ਤੁਲਨਾ ਵਿੱਚ ਖੁਦਕੁਸ਼ੀ ਕਰਨ ਦੇ ਮਾਮਲੇ ਵਿੱਚ ਕਿਸਾਨਾਂ ਦੀ ਗਿਣਤੀ ਜ਼ਿਆਦਾ ਹੈ।**

**ਸੀਡੀਸੀ ਦਾ ਸਰਵੇਖਣ ਦਸਦਾ ਹੈ ਕਿ ਦੋ ਦਹਾਕਿਆਂ ਤੋਂ ਘੱਟ ਸਮੇਂ ਵਿੱਚ ਖ਼ੁਦਕੁਸ਼ੀ ਦੇ ਮਾਮਲਿਆਂ ਵਿੱਚ 40 ਫ਼ੀਸਦੀ ਵਾਧਾ ਹੋਇਆ ਹੈ।**

**ਮਾਹਰਾਂ ਦੀ ਰਾਇ ਹੈ ਕਿ ਮੱਧ-ਪੱਛਮੀ ਅਮਰੀਕਾ ਵਿੱਚ ਕਿਸਾਨਾਂ ਦੀ ਖ਼ੁਦਕੁਸ਼ੀ ਦੇ ਕੇਸ ਵਧੇਰੇ ਹਨ।**

**ਮੈਂਟਲ ਹੈਲਥ ਮਾਹਰ ਟੇਡ ਮੈਥਿਊ ਦਾ ਕਿਸਾਨਾਂ ਦੀ ਮਾਨਿਸਕ ਸਿਹਤ ਉੱਪਰ ਕਈ ਸਾਲਾਂ ਦਾ ਕੰਮ ਹੈ। ਉਨ੍ਹਾਂ ਨੇ ਅਮਰੀਕਾ ਦੇ ਮਿਨੇਸੋਟਾ ਤੋਂ ਦੱਸਿਆ, "ਕਿਸਾਨ ਹਰ ਸਮੇਂ ਤਣਾਅ ਵਿੱਚ ਰਹਿੰਦੇ ਹਨ।"**

**ਉਹ ਕਹਿੰਦੇ ਹਨ, "ਉਹ ਲੋਨ ਲੈਣ ਬੈਂਕ ਜਾਂਦੇ ਹਨ। ਇਸ ਲਈ ਉਨ੍ਹਾਂ ਨੂੰ ਆਪਣੇ ਕਾਗਜ਼ਾਤ ਅਤੇ ਹੋਰ ਚੀਜ਼ਾਂ ਸਹੀ ਰੱਖਣੀਆਂ ਹੁੰਦੀਆਂ ਹਨ। ਉਹ ਬਹੁਤ ਤਣਾਅ ਵਿੱਚ ਰਹਿੰਦੇ ਹਨ। ਉਨ੍ਹਾਂ ਨੂੰ ਨੀਂਦ ਵੀ ਘੱਟ ਆਉਂਦੀ ਹੈ।"**

**ਕਰਜ਼ ਵਿੱਚ ਧਸੇ ਹੋਣਾ, ਜਿਣਸ ਲਈ ਮਿਲਣ ਵਾਲੀ ਘੱਟ ਕੀਮਤ ਅਤੇ ਖ਼ਰਾਬ ਮੌਸਮ ਕਿਸਾਨਾਂ ਉੱਪਰ ਬਹੁਤ ਬੋਝ ਪਾਉਂਦੇ ਹਨ।**

**ਟੇਲਰ ਵ੍ਹਾਈਟਲੀ ਮੈਥਿਊ ਦੱਸਦੇ ਹਨ, "ਜੇ ਤੁਸੀਂ ਸੌ ਕਿਸਾਨਾਂ ਨੂੰ ਪੁੱਛੋਗੇ ਕਿ ਉਨ੍ਹਾਂ ਲਈ ਸਭ ਤੋਂ ਅਹਿਮ ਚੀਜ਼ ਕੀ ਹੈ ਤਾਂ ਉਹ ਕਹਿਣਗੇ ਪਰਿਵਾਰ ਅਤੇ ਫਿਰ ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਆਪਣੇ ਪਰਿਵਾਰ ਦੇ ਲਈ ਪਿਛਲੇ ਮਹੀਨੇ ਕੀ ਕੀਤਾ ਤਾਂ ਉਹ ਚੁੱਪ ਹੋ ਜਾਂਦੇ ਹਨ।"**

ਓਬਾਮਾ ਪ੍ਰਸ਼ਾਸਨ ਦੇ ਦੌਰਾਨ ਖੇਤੀ ਅਤੇ ਨਿਆਂ ਵਿਭਾਗ ਨੇ ਮੀਟ ਕਾਰੋਬਾਰ ਵਿੱਚ ਕੰਪਨੀਆਂ ਦੇ ਦਬਦਬੇ ਖ਼ਿਲਾਫ਼ ਜਨਤਕ ਸੁਣਵਾਈ ਸ਼ੁਰੂ ਕੀਤੀ ਸੀ।

ਰੂਰਲ ਐਡਵਾਂਸਮੈਂਟ ਫਾਊਂਡੇਸ਼ਨ ਇੰਟਰਨੈਸ਼ਨਲ ਜੇ ਟੇਲਰ ਵ੍ਹਾਈਟਲੀ ਦਾ ਕਹਿਣਾ ਹੈ, "ਸਰਕਾਰ ਵੱਲੋਂ ਸੁਰੱਖਿਆ ਤਾਂ ਹਾਸਲ ਹੈ ਪਰ ਜਾਂ ਤਾਂ ਉਸ ਨੂੰ ਨਿਯਮ ਬਣਾ ਕੇ ਜਾਂ ਅਦਾਲਤੀ ਹੁਕਮਾਂ ਨਾਲ ਬੇਅਸਰ ਕਰ ਦਿੱਤਾ ਹੈ। ਪਿਛਲੇ ਤੀਹ-ਚਾਲੀ ਸਾਲਾਂ ਵਿੱਚ ਇਹ ਇੱਕ ਇਤਿਹਾਸ ਬਣ ਚੁੱਕਿਆ ਹੈ।"

ਮੀਟ ਅਤੇ ਪੋਲਟਰੀ ਸਨਅਤ ਅਮਰੀਕਾ ਦੇ ਖੇਤੀ ਖੇਤਰ ਦਾ ਸਭ ਤੋਂ ਵੱਡਾ ਹਿੱਸਾ ਹੈ। 2018 ਦੇ ਇੱਕ ਸਰਵੇਖਣ ਵਿੱਚ ਦੇਖਿਆ ਗਿਆ ਕਿ ਸਿਰਫ਼ ਪੰਜ ਫ਼ੀਸਦੀ ਅਮਰੀਕੀ ਹੀ ਆਪਣੇ-ਆਪ ਨੂੰ ਸ਼ਾਕਾਹਾਰੀ ਦੱਸਦੇ ਹਨ।

ਅਮਰੀਕਾ ਵਿੱਚ ਸਾਲ 2017 ਵਿੱਚ ਕੁੱਲ ਮੀਟ ਉਤਪਾਦਨ 52 ਬਿਲੀਅਨ ਪਾਊਂਡ ਦਾ ਹੋਇਆ ਸੀ ਜਦਕਿ ਪੋਲਟਰੀ ਉਤਪਾਦਨ 48 ਬਿਲੀਅਨ ਪਾਊਂਡ ਰਿਹਾ ਸੀ।

ਇੰਨੇ ਵੱਡੇ ਕਾਰੋਬਾਰ ਦਾ ਮਤਲਬ ਹੋਇਆ ਕਿ ਖ਼ੁਰਾਕ ਸਨਅਤ ਆਪਣੇ ਹਿੱਤਾਂ ਦੀ ਰਾਖੀ ਲਈ ਸਿਆਸੀ ਚੰਦੇ ਉੱਪਰ ਵੀ ਵੱਡਾ ਖ਼ਰਚ ਕਰਦੀ ਹੈ।

ਕਿਸਾਨਾਂ ਦਾ ਮੰਨਣਾ ਹੈ ਕਿ ਕੰਟਰੈਕਟ ਫਾਰਮਿੰਗ ਦੇ ਨਾਲ ਸਮੱਸਿਆ ਇਸ ਨੂੰ ਅਮਲੀ ਰੂਪ ਦੇਣ ਵਿੱਚ ਹੈ।

ਤਲਹਾ ਰਹਿਮਾਨ ਕਹਿੰਦੇ ਹਨ, "ਜੇ ਕੰਟਰੈਕਟ ਫਾਰਮਿੰਗ ਠੀਕ ਤਰੀਕੇ ਨਾਲ ਹੋਵੇ ਤਾਂ ਇਹ ਕਿਸਾਨਾਂ ਲਈ ਲਾਹੇਵੰਦ ਹੋ ਸਕਦੀ ਹੈ।"

"ਅਹਿਮ ਇਹ ਹੈ ਕਿ ਕੰਟਰੈਕਟ ਫਾਰਮਿੰਗ ਦੇ ਤਹਿਤ ਘੱਟੋ-ਘੱਟ ਸਮਰਥਨ ਮੁੱਲ ਹੋਣਾ ਚਾਹੀਦਾ ਹੈ। ਕਿਸਾਨ ਨੂੰ ਘੱਟੋ-ਘੱਟ ਸਮਰਥਨ ਮੁੱਲ ਮਿਲਣਾ ਚਾਹੀਦਾ ਹੈ ਜਿਸ ਤੋਂ ਥੱਲੇ ਕਿਸੇ ਵੀ ਹਾਲਤ ਵਿੱਚ ਖ਼ਰੀਦ ਨਾ ਹੋਵੇ।"

"ਖ਼ਰੀਦ-ਦਾਰੀ ਦੀ ਗਰੰਟੀ ਹੋਣੀ ਚਾਹੀਦੀ ਹੈ। ਸ਼ੁਰੂ ਵਿੱਚ ਹੀ ਕੀਮਤਾਂ ਨਹੀਂ ਤੈਅ ਹੋਣੀਆਂ ਚਾਹੀਦੀਆਂ। ਜੇ ਮੁੱਲ ਵਧਦਾ ਹੈ ਤਾਂ ਕਿਸਾਨ ਮਨ੍ਹਾਂ ਕਰ ਦਿੰਦੇ ਹਨ ਅਤੇ ਜੇ ਕੀਮਤਾਂ ਡਿਗਦੀਆਂ ਹਨ ਤਾਂ ਖ਼ਰੀਦਦਾਰ ਮਨ੍ਹਾਂ ਕਰ ਦਿੰਦੇ ਹਨ।"

ਇਸ ਸਾਰੇ ਕੰਮ-ਕਾਜ ਉੱਪਰ ਨਜ਼ਰਸਾਨੀ ਰੱਖਣ ਵਾਲੀ ਪ੍ਰਣਾਲੀ ਦੀ ਲੋੜ ਹੈ।

.....................................................

# ਕਾਵਿ ਕਿਆਰੀ

## ਇਹ ਬਾਤ ਨਿਰੀ ਏਨੀ ਹੀ ਨਹੀਂ -ਸੁਰਜੀਤ ਪਾਤਰ

ਇਹ ਬਾਤ ਨਿਰੀ ਏਨੀ ਹੀ ਨਹੀਂ
ਨਾ ਇਹ ਮਸਲਾ ਸਿਰਫ਼ ਕਿਸਾਨ ਦਾ ਏ।
ਇਹ ਪਿੰਡ ਦੇ ਵੱਸਦੇ ਰਹਿਣ ਦਾ ਏ
ਜਿਹਨੂੰ ਤੌਖ਼ਲਾ ਉੱਜੜ ਜਾਣ ਦਾ ਏ।

ਉਂਝ ਤਾਂ ਇਹ ਚਿਰਾਂ ਦਾ ਉੱਜੜ ਰਿਹਾ
ਕੋਈ ਅੱਜ ਨਹੀਂ ਉੱਜੜਨ ਲੱਗਿਆ ਏ।
ਇਹਨੂੰ ਗ਼ੈਰਾਂ ਨੇ ਵੀ ਲੁੱਟਿਆ ਏ
ਤੇ ਆਪਣਿਆਂ ਵੀ ਠੱਗਿਆ ਏ।
ਇਹਦਾ ਮਨ ਪਿੰਡੇ ਤੋਂ ਵੱਧ ਜ਼ਖ਼ਮੀ
ਦੁੱਖ ਰੂਹ ਤੋਂ ਵਿੱਛੜ ਜਾਣ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਜਿਸ ਗੁਰੂ ਦੇ ਨਾਮ ਤੇ ਜਿਉਂਦਾ ਏ
ਉਸ ਦੇ ਪੈਗ਼ਾਮ ਨੂੰ ਵਿੱਸਰ ਗਿਆ।
ਇੱਕ ਘੁਰਾ ਸ਼ਬਦ ਦਾ ਨਿਕਲ ਗਿਆ
ਇਹਦੀ ਸੁਰਤ ਦਾ ਬੁਣਿਆ ਉਧੜ ਗਿਆ।
ਇਹ ਵੇਲਾ ਸੱਜਰੀ ਬੁਣਤੀ ਵਿੱਚ
ਸ਼ਬਦਾਂ ਦੇ ਬੂਟੇ ਪਾਣ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਇਹ ਬਾਤ ਨਿਰੀ ਖੇਤਾਂ ਦੀ ਨਹੀਂ
ਇਹ ਗੱਲ ਤਾਂ ਸਫ਼ਿਆਂ ਦੀ ਵੀ ਹੈ।
ਅੱਖਰ ਨੇ ਜਿੰਨ੍ਹਾਂ ਦੇ ਬੀਜਾਂ ਜਹੇ
ਉਨ੍ਹਾਂ ਸੱਚ ਦੇ ਫਲਸਫ਼ਿਆਂ ਦੀ ਵੀ ਹੈ।
ਮੈਨੂੰ ਫ਼ਿਕਰ ਲਾਲੋ ਦੇ ਕੋਧਰੇ ਦਾ,
ਤੈਨੂੰ ਭਾਗੋ ਦੇ ਪਕਵਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਆਖੀ ਸੀ ਕਦੀ ਇੱਕ ਪੁਰਖੇ ਨੇ
ਉਹ ਬਾਤ ਅਜੇ ਤੱਕ ਹੈ ਸੱਜਰੀ।
ਨਹੀਂ ਕੰਮ ਥਕਾਉਂਦਾ ਬੰਦੇ ਨੂੰ
ਬੰਦੇ ਨੂੰ ਥਕਾਉਂਦੀ ਬੇਕਦਰੀ।
ਇਹ ਦੁੱਖ ਓਸੇ ਬੇਕਦਰੀ ਦਾ
ਇਹ ਸੱਲ੍ਹ ਉਸੇ ਅਪਮਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਤੇਰੇ ਵੱਡੇ ਵੱਸਣ ਘਰਾਣੇ ਵੀ
ਸਾਡੇ ਰਹਿਣ ਦੇ ਨਿੱਕੇ ਘਰ ਵੱਸਦੇ।
ਸਭ ਚੁੱਲ੍ਹਿਆਂ ਵਿੱਚ ਅੱਗ ਬਲ਼ਦੀ ਰਵ੍ਹੇ,
ਸਭ ਧੀਆਂ ਪੁੱਤ ਵੱਸਦੇ ਰਸਦੇ।
ਇਹ ਗੱਲ ਸਭਨਾਂ ਦੇ ਵੱਸਣ ਦੀ ਏ
ਇਹ ਜਸ਼ਨ ਤਾਂ ਵੰਡ ਕੇ ਖਾਣ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਕਿਉਂ ਧੀ ਕਿਸੇ ਕਿਰਤੀ ਕਾਮੇ ਦੀ
ਉਨ੍ਹਾਂ ਦੀ ਖ਼ਾਤਰ ਧੀ ਹੀ ਨਹੀਂ।
ਜੋ ਪੁੱਤ ਨੇ ਡਾਢਿਆਂ ਦੇ ਜਾਏ
ਉਨ੍ਹਾਂ ਦੀ ਕਿਤੇ ਪੇਸ਼ੀ ਹੀ ਨਹੀਂ।
ਤੂੰ ਡਰ ਹੁਣ ਓਸ ਅਦਾਲਤ ਤੋਂ
ਜਿੱਥੇ ਹੋਣਾ ਅਦਲ ਈਮਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਤੇਰੇ ਨਾਲ ਅਮੀਰ ਵਜ਼ੀਰ ਖੜ੍ਹੇ
ਮੇਰੇ ਨਾਲ ਪੈਗੰਬਰ ਪੀਰ ਖੜ੍ਹੇ।
ਰਵੀਦਾਸ ਫ਼ਰੀਦ ਕਬੀਰ ਖੜੇ
ਮੇਰੇ ਨਾਨਕ ਸ਼ਾਹ ਫ਼ਕੀਰ ਖੜ੍ਹੇ।
ਮੇਰਾ ਨਾਮਦੇਵ ਮੇਰਾ ਧੰਨਾ ਵੀ
ਮੈਨੂੰ ਮਾਣ ਆਪਣੀ ਇਸ ਸ਼ਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਖ਼ੂਹ ਵਗਦੇ ਵਗਦੇ ਛਪਨ ਹੋਏ,
ਹੁਣ ਬਾਤ ਹੈ ਸਦੀਆਂ ਗਈਆਂ ਦੀ।
ਮੈਂ ਜਾਣਦਾਂ ਯੁਗ ਬਦਲਦੇ ਨੇ
ਤਿੱਖੀ ਰਫ਼ਤਾਰ ਹੈ ਪਹੀਆਂ ਦੀ।
ਬੰਦੇ ਨੂੰ ਮਿੱਧ ਨਾ ਲੰਘ ਜਾਵਣ
ਇਹ ਫ਼ਰਜ਼ ਵੀ ਨੀਤੀਵਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਇਹ ਕਣਕ ਤੇ ਧਾਨ ਦੀ ਗੱਲ ਹੀ ਨਹੀਂ
ਇਹ ਅਣਖ਼ ਤੇ ਆਨ ਦੀ ਗੱਲ ਵੀ ਹੈ।
ਕੀ ਹਾਲ ਹੈ ਕਿੰਝ ਗੁਜ਼ਰਦੀ ਹੈ
ਇਹ ਮੋਹ ਤੇ ਮਾਣ ਦੀ ਗੱਲ ਵੀ ਹੈ।
ਜੋ ਆਪਣਾ ਹੁੰਦਾ ਪੁੱਛਦਾ ਹੈ
ਕੀ ਦੁਖਦਾ ਮੇਰੀ ਜਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਮੈਂ ਜਾਗਿਆ ਹਾਂ ਬੜੀ ਦੇਰੀ ਨਾਲ
ਮੇਰੀ ਟੁੱਟੀ ਹੈ ਨੀਂਦ ਹਨ੍ਹੇਰੀ ਨਾਲ
ਮੇਰੇ ਸੁੱਤਿਆਂ ਸੁੱਤਿਆਂ ਤੁਰ ਗਿਆ ਏ,
ਮੇਰਾ ਕੀ ਕੁਝ ਗਫ਼ਲਤ ਮੇਰੀ ਨਾਲ।
ਉਹ ਜੋ ਇਸ ਦੇ ਮਗਰੇ ਆਉਂਦਾ ਏ
ਮੈਨੂੰ ਫ਼ਿਕਰ ਤਾਂ ਓਸ ਤੂਫ਼ਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ।

ਇਹ ਮਸਲਾ ਧਰਤੀ ਮਾਂ ਦਾ ਹੈ।
ਇਹ ਮਸਲਾ ਕੁੱਲ ਜਹਾਨ ਦਾ ਹੈ।
ਇਹ ਮਸਲਾ ਵੱਸਦੀ ਦੁਨੀਆਂ ਦਾ
ਜਿਹਨੂੰ ਤੌਖਲਾ ਉੱਜੜ ਜਾਣ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ।

---

## .ਗ਼ਜ਼ਲ

ਸੱਜਣੋ ਦੀਪ ਜਗਾਈਏ ਰਲ਼ ਕੇ।
'ਨ੍ਹੇਰੇ ਦੂਰ ਭਜਾਈਏ ਰਲ਼ ਕੇ।

ਜਾਬਰ ਨਾਲ ਹੈ ਮੱਥਾ ਲਾਉਣਾ,
ਗੀਤ ਸਿਦਕ ਦੇ ਗਾਈਏ ਰਲ਼ ਕੇ।

ਮਾਲਕ ਦਿੱਲੀ ਦੇ ਬਣ ਬੈਠੇ,
ਤਖ਼ਤਾਂ ਤੋਂ ਇਹ ਲਾਹੀਏ ਰਲ਼ ਕੇ।

ਹਉਮੈ ਨਾਲ ਭਰੇ ਜੋ ਫਿਰਦੇ,
ਮਿੱਟੀ ਵਿੱਚ ਮਿਲਾਈਏ ਰਲ਼ ਕੇ।

ਸਾਡੇ ਮਨ ਦੀ ਬਾਤ ਸੁਣੇ ਨਾ,
ਉਸ ਨੂੰ ਹੱਥ ਦਿਖਾਈਏ ਰਲ਼ ਕੇ।

ਲਾਲ ਕਿਲ੍ਹੇ ਦੀ ਆਕੜ ਭੰਨੀਏ,
ਇਸ ਦੇ ਕਿੰਗਰੇ ਢਾਹੀਏ ਰਲ਼ ਕੇ।

ਖੇਤਾਂ ਦੇ ਦੁਸ਼ਮਣ ਸਭ ਲੋਚੀ,
ਕੱਖਾਂ ਵਾਂਗ ਉਡਾਈਏ ਰਲ਼ ਕੇ।

**ਤ੍ਰੈਲੋਚਨ ਲੋਚੀ**

---

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

**ਸੇਠ ਕੋਮਲ ਦਾ ਪ੍ਰੇਮ –** 4 ਵਜੇ ਤਾਂ ਦੀਨ ਦਿਆਲ ਜੀ ਸੰਗਤ ਨਾਲ ਬੈਠ ਕੇ ਨਿਤਨੇਮ ਕਰਨ ਵਾਸਤੇ ਧਰਮਸ਼ਾਲਾ 55 ਵੱਲ ਜਾਣ ਲਈ ਉੱਠੇ, ਤਦ ਬੇਨਤੀ ਕਰਕੇ ਹੁਣ ਤੱਕ ਸ਼ਰਧਾ ਸਤਿਕਾਰ ਤੇ ਨਿਰਮਾਣਤਾ ਦਾ ਰੂਪ ਬਣੇ ਕੋਮਲ ਜੀ ਨੇ ਫਿਰ ਸੋਫ਼ੇ 'ਤੇ ਬੈਠਾ ਲਿਆ ਅਤੇ ਛੇਤੀ ਛੇਤੀ ਸਾਰਾ ਪਰਿਵਾਰ ਹੱਥਾਂ ਵਿੱਚ ਭੇਟਾ ਪੂਜਾ ਲੈ ਕੇ ਹਾਜ਼ਰ ਹੋ ਗਿਆ। ਸਾਰਿਆਂ ਨੇ ਹੀ, ਪਤਨੀ, ਤਿੰਨ ਨੂੰਹਾਂ, ਤਿੰਨ ਪੁੱਤਰਾਂ, ਮਾਲਾ ਭੇਟ ਕਰਕੇ ਬਸਤਰ ਅਤੇ ਮਾਇਆ (100-100 ਬਾਟ ਦਾ ਨੋਟ) ਮੱਥਾ ਟੇਕੇ। ਕੋਮਲ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਸੱਜੇ ਹੱਥ ਇੱਕ ਸੋਨੇ ਦਾ ਕੜਾ ਪਹਿਨਾਇਆ। ਅਤੇ ਨਾਲ ਆਏ ਜਥੇ ਦਾ ਵੀ ਮਾਇਆ ਬਸਤਰਾਂ ਨਾਲ ਸਤਿਕਾਰ ਕੀਤਾ।

**ਅੱਜ ਦਾ ਮੇਲਾ ਸੇਠ ਦਿਆਲ ਸਿੰਘ ਜੀ ਨੂੰ ਸਮਰਪਤ –** ਪੂਰੇ 5 ਵਜੇ ਤੱਕ ਧਰਮਸਾਲਾ ਪਹੁੰਚ ਹੋ ਗਈ, ਜਿੱਥੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮ ਸਿਮਰਨ ਦੀ ਅਰਦਾਸ ਹੋ ਗਈ। ਮੰਚ ਸੁਆਮੀ ਸੰਤ ਨਰੈਣ ਸਿੰਘ ਨਰੂਲਾ ਨੇ ਸਪਸ਼ਟ ਕੀਤਾ ਕਿ ਅੱਜ ਦਾ ਮੇਲਾ ਨਾਮਧਾਰੀ ਪੰਥ ਦੇ ਪ੍ਰਸਿੱਧ ਦਾਨੀ ਤੇ ਸੇਵਕ ਸੰਤ ਦਿਆਲ ਸਿੰਘ ਜੀ ਦੇ ਨਮਿਤ ਹੈ ਅਤੇ ਇਹ ਕਰਵਾ ਰਹੇ ਹਨ ਉਨ੍ਹਾਂ ਦੇ ਸੁਯੋਗ ਸਪੁੱਤਰ ਸੇਠ ਸ਼ਮਸ਼ੇਰ ਸਿੰਘ ਅਤੇ ਮੇਰੇ ਮਿੱਤਰ ਸੇਠ ਸੰਪੂਰਨ ਸਿੰਘ।

ਅੱਜ ਦੀ ਹਾਜ਼ਰੀ ਲਈ ਇਹ ਧਰਮਸਾਲਾ ਵੀ ਛੋਟੀ ਛੋਟੀ ਜਾਪਦੀ ਸੀ। ਅਰਥਾਤ ਸੰਗਤ ਲਈ ਇਹ ਹਾਲ ਨਾ ਕਾਫ਼ੀ ਸੀ। ਨਾਮ ਸਿਮਰਨ ਉਪਰੰਤ ਕੀਰਤਨ ਤੋਂ ਵੀ ਪਹਿਲਾਂ ਸੇਠ ਸ਼ਮਸ਼ੇਰ ਸਿੰਘ ਜੀ ਨੇ ਆਪਣੇ ਮਾਤਾ ਪਿਤਾ ਜੀ ਦੀ ਜੀਵਨੀ ਬਾਰੇ ਕੁਛ ਰੌਸ਼ਨੀ ਪਾਈ।

ਸ੍ਰੀ ਸਤਿਗੁਰੂ ਜੀ ਨੇ ਜਦ ਮੰਗਲਾ ਚਰਣ ਕੀਤਾ, ਸ਼ਬਦ ਗਾਇਨ ਲਈ ਤਾਂ ਬਾਹਰ ਘਮਾਸਾਨ ਮੀਂਹ ਬਰਸਨ ਲੱਗ ਪਿਆ। ਮਾਹੌਲ ਹੋਰ ਵੀ ਸੁਖਾਵਾਂ ਹੋ ਗਿਆ। ਕੀਰਤਨ ਦੋ ਸ਼ਬਦਾਂ ਤੇ ਸੀ :

ਰਾਗ ਬਾਗੇਸ਼ਵਰੀ ਵਿੱਚ :

ਕਬ ਲਾਗੈ ਮਸਤਕ ਚਰਨਨ ਰਜ॥ ਅਤੇ

ਅਤਿ ਪ੍ਰੀਤਮ ਮਨਮੋਹਨਾ ਘਟਿ ਸੋਹਨਾ ਪ੍ਰਾਣ ਅਧਾਰਾ ਰਾਮ॥

**ਸੁਰਜੀਤ ਸਿੰਘ ਖੁਰਾਣਾ ਦਾ ਉੱਦਮ –** ਸ. ਸੁਰਜੀਤ ਸਿੰਘ ਖੁਰਾਣਾ, ਬੈਂਕੋਕ ਵਿੱਚ ਗਾਂਧੀ ਨਗਰੀਆ (ਦਿੱਲੀ ਦੀ ਇੱਕ ਆਬਾਦੀ) ਕਰਕੇ ਜਾਣਿਆ ਜਾਂਦਾ ਹੈ। ਮੇਰੇ ਮਿੱਤਰ ਸਵਰਗਵਾਸੀ ਸੰਤ ਮੰਗਲ ਸਿੰਘ ਜੀ ਲਾਇਲਪੁਰੀ ਦਾ ਕੁੜਮ ਹੈ। ਇਸਦੀ ਲੜਕੀ ਗੁਰਮੀਤ ਕੌਰ ਸੰਤਾਂ ਦੇ ਲੜਕੇ ਸਰਵ ਸ਼ਕਤੀਮਾਨ ਸਿੰਘ ਦੀਪਿਕਾ ਪ੍ਰਿੰਟਿੰਗ ਪ੍ਰੈਸ ਰਮੇਸ਼ ਨਗਰ ਨਾਲ ਵਿਵਾਹਤ ਹੈ। ਪਿਛਲੇ ਦਿਨਾਂ ਵਿੱਚ ਉਸਨੇ ਬਹੁਤ ਭੱਜ-ਨੱਸ ਕਰਕੇ ਇੱਕ ਅਤਿ ਸੁੰਦਰ ਥਾਈਲੈਂਡ ਦੇ ਨਾਮਧਾਰੀਆਂ ਦੀ ਟੈਲੀਫੋਨ ਡਾਇਰੈਕਟਰੀ ਛਪਵਾਈ ਸੀ, 1983 ਵਿੱਚ। ਉਹ ਵੀ ਕਾਰਆਮਦ ਰਹੀ, ਪਰ ਇਹ ਤਾਂ ਬੜੀ ਮਿਹਨਤ ਪੂਰੇ ਪਤੇ ਤੇ ਸਾਰੇ ਫੋਨ ਨੰਬਰ ਦੇ ਕੇ ਆਰਟ ਪੇਪਰ ਤੇ ਛਪਵਾਈ ਗਈ ਹੈ। ਅੱਜ ਇਸਨੂੰ ਰੀਲੀਜ਼ ਕਰਨ ਹਿਤ ਸ. ਸੁਰਜੀਤ ਸਿੰਘ ਨੇ ਡਾਇਰੈਕਟਰੀ ਨਾ ਦੀਆਂ 15 ਕਾਪੀਆਂ ਸ੍ਰੀ ਸਤਿਗੁਰੂ ਜੀ ਦੇ ਭੇਟ ਕੀਤੀਆਂ-ਅੱਜ ਦੇ ਇਸ ਦੀਵਾਨ ਵਿੱਚ ਹੀ। ਸ੍ਰੀ ਸਤਿਗੁਰੂ ਜੀ ਨੇ ਆਪਣੇ ਸਕੱਤਰ ਅਤੇ ਕੁਛ ਹੋਰ ਪਿਆਰਿਆਂ ਨੂੰ ਇਹ ਕਾਪੀਆਂ ਦੇ ਕੇ ਨਿਵਾਜਿਆ। ਮੈਨੂੰ ਸੁਰਜੀਤ ਸਿੰਘ ਨੇ ਦੱਸਿਆ ਕਿ ਮੇਰਾ ਇਹ ਉੱਦਮ ਪਰਵਾਨ ਨਾ ਚੜ੍ਹ ਸਕਦਾ ਜੇ ਸੇਠ ਜਸਪਾਲ ਸਿੰਘ ਗੋਰੇਵਾੜਾ ਇਸ ਨਮਿਤ ਮੈਨੂੰ 16000 ਬਾਟ ਦਾਨ ਰੂਪ ਵਿੱਚ ਨਾ ਦਿੰਦੇ ਕਿਉਂਕਿ ਇਸਨੂੰ ਤਿਆਰ ਕਰਨ ਹਿਤ ਮੈਨੂੰ ਅਨੇਕਾਂ ਥਾਵਾਂ ਤੇ ਜਾਣਾ ਆਉਣਾ ਪਿਆ। ਦਫਤਰਾਂ, ਫੈਕਟਰੀਆਂ, ਦੁਕਾਨਾਂ ਤੇ ਘਰਾਂ ਆਦਿ ਦੇ ਪਤੇ ਇਕੱਤਰ ਕਰਕੇ ਇਹ ਖ਼ੂਬਸੂਰਤ ਤੁਹਫ਼ਾ ਸੰਗਤਾਂ ਲਈ ਤਿਆਰ ਕੀਤਾ ਹੈ। ਇਸਦਾ ਪਹਿਲਾ ਪੰਨਾ ਉਲਟਦਿਆਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇੱਕ ਮੋਹਕ ਤਸਵੀਰ ਦੇ ਦਰਸ਼ਨ ਹੁੰਦੇ ਹਨ।

7.00 ਵਜੇ ਸ਼ਾਮੀ ਪੰਡਤ ਗੋਪਾਲ ਸਿੰਘ ਜੀ ਨੇ ਪੌਣਾ ਘੰਟਾ ਗੁਰਸਿੱਖੀ ਤੇ ਇੱਕ ਤਕਰੀਰ ਕੀਤੀ।

**ਸ. ਭਗਵਾਨ ਸਿੰਘ ਔਜਲਾ –** ਦੀਵਾਨ ਵਿੱਚ ਸ੍ਰੀ ਸਤਿਗੁਰੂ ਜੀ ਦੇ ਮੰਚ ਦੇ ਨਜ਼ਦੀਕ ਇੱਕ ਭਾਰੀ ਭਰਕਮ

ਸਰੀਰ, ਟੇਢੀ ਪਗੜੀ ਤੇ ਛੋਟੀ ਜਿਹੀ ਜਾਂ ਬੱਧੀ ਸੰਭਾਲੀ ਦਾੜ੍ਹੀ ਵਾਲੇ ਸੱਜਣ ਬੈਠੇ ਕੀਰਤਨ ਸਮੇਂ ਸੰਗੀਤ ਦਾ ਖੂਬ ਆਨੰਦ ਲੈ ਰਹੇ ਸਨ। ਪੰਡਤ ਜੀ ਦੀ ਤਕਰੀਰ ਸੁਣਦਿਆਂ ਵੀ ਉਨ੍ਹਾਂ ਨੇ 100 ਬਾਟ ਜਾਂ ਇਸ ਤੋਂ ਜ਼ਿਆਦਾ ਭੇਟਾ ਘੱਲੇ। ਸਿੰਘ ਬਾਗ਼ੋ ਬਾਗ਼ ਹੋਇਆ ਪਿਆ ਸੀ ਅਤੇ ਇਹ ਆਇਆ ਵੀ ਸਿੰਘਾਪੁਰ ਤੋਂ ਸੀ।

ਦੀਵਾਨ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਧਰਮਸਾਲਾ ਦੇ ਉਪਰਲੇ ਕਮਰੇ ਵਿੱਚ ਪਧਾਰੇ। ਏਥੇ ਕੁਛ ਖਾਸ ਲੋਕਾਂ ਦਾ ਜਾਣਾ ਵੇਖ ਮੈਂ ਵੀ ਪਹੁੰਚ ਗਿਆ। ਸ੍ਰੀ ਸਤਿਗੁਰੂ ਜੀ ਉੱਚੇ ਵਿਸ਼ੇਸ਼ ਆਸਣ ਤੇ ਬਿਰਾਜਮਾਨ ਸਨ। ਹੇਠਾਂ ਫਰਸ਼ ਤੇ ਹੋਰ ਖਾਸ ਸੱਜਣ ਤੇ ਸ. ਭਗਵਾਨ ਸਿੰਘ ਔਜਲੇ ਵਾਸਤੇ ਹੀ ਇਹ ਵਿਸ਼ੇਸ਼ ਦਰਸ਼ਨ ਸਨ। ਭਗਵਾਨ ਸਿੰਘ ਜੀ ਨੂੰ ਡਾ. ਮੁਸ਼ੱਰਫ ਅਲੀ ਮੂਸਾ ਏਥੇ ਲੈ ਕੇ ਆਏ ਸਨ। ਔਜਲਾ ਸਾਹਿਬ ਸਿੰਘਾਪੁਰ ਦੇ ਤਕੜੇ ਬਿਜ਼ਨਸਮੈਨ ਹਨ ਤੇ ਤਬਲੇ ਦੀ ਕਲਾ ਦੇ ਵੀ ਚੰਗੇ ਜਾਣੂ ਅਤੇ ਪਾਰਖੂ ਵੀ। ਪਿੰਕੀ ਦੇ ਤਬਲੇ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਤਿਹਾਈਆਂ ਨੇ ਉਨ੍ਹਾਂ ਨੂੰ ਮੋਹ ਲਿਆ ਸੀ। ਸ੍ਰੀ ਸਤਿਗੁਰੂ ਜੀ ਪਾਸ ਆਏ ਤਾਂ ਚਰਨੀਂ ਢਹਿ ਪਏ। ਭਜਨ ਪੁੱਛ ਲਿਆ। ਮਾਸ ਸ਼ਰਾਬ ਤਿਆਗ ਦੀ ਸਹੁੰ ਪਾ ਲਈ ਤੇ ਅਰਜ਼ ਗੁਜ਼ਾਰੀ ਕਿ ਸਿੰਘਾਪੁਰ ਵਿਸ਼ੇਸ਼ ਦਰਸ਼ਨਾਂ ਦੀ ਕਿਰਪਾ ਕੀਤੀ ਜਾਵੇ ਆਪਣਾ ਸਿੱਖ ਜਾਣ ਕੇ। ਵਰਤਮਾਨ ਸਿੱਖਾਂ ਦੀ ਸਥਿਤੀ ਨੂੰ ਉਪਰੋਂ ਹੇਠਾਂ ਲੈ ਆਉਣ ਵਾਲੀ ਹਾਲਤ ਤੇ ਵੀ ਦੁਖ ਸਾਂਝਾ ਕੀਤਾ ਗਿਆ ਅਤੇ ਫੇਰ ਅਰਜ਼ ਕੀਤੀ: ਸਿੰਘਾਪੁਰ ਵਿੱਚ ਕਾਫ਼ੀ ਸਿੱਖ ਹਨ। ਆਪ ਜੀ ਓਥੇ ਦਰਸ਼ਨ ਦਿਓ। ਉਹਨਾਂ ਨੂੰ ਵੀ ਸਹੀ ਮਾਰਗ ਦ੍ਰਿਸ਼ਟੀ ਗੋਚਰ ਹੋਵੇ।

**ਅਟੱਲ ਪ੍ਰਤਾਪੀ ਦੀਆਂ ਯਾਦਾਂ –** ਸ. ਭਗਵਾਨ ਸਿੰਘ ਔਜਲਾ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇੱਕ ਸਿੰਘਾਪੁਰ ਫੇਰੀ ਦੀ ਯਾਦ ਵੀ ਸੰਭਾਲੀ ਹੋਈ ਸੀ। ਆਪ ਨੇ ਕਿਹਾ : ਵਾਹ ਕਿਆ ਦਰਸ਼ਨ ਸਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ, ਉੱਚਾ ਸੋਹਣਾ ਕੱਦ, ਭਰਵਾਂ ਤਕੜਾ ਜੁੱਸਾ ਤੇ ਮੁੱਖ ਮੰਡਲ ਤੇ ਦੈਵੀ ਪ੍ਰਕਾਸ਼। ਉਹਨਾਂ ਤਾਂ ਆਪਣੀ ਨਿਮਰਤਾ ਨਾਲ ਹੀ ਦੁਨੀਆਂ ਮੋਹ ਲਈ। ਸ੍ਰੀ ਸਤਿਗੁਰੂ ਜੀ ਦਾ ਪਹਿਲਾ ਦੀਵਾਨ ਸਿੰਘਾਪੁਰ ਵਿਖੇ ਸੇਠ ਨਰਾਇਣ ਸਿੰਘ ਨਰੂਲਾ ਦੇ ਕੁੜਮ ਸ. ਹਰਦਿਆਲ ਸਿੰਘ ਦੇ ਨਿਵਾਸ, ਬੈਂਕ ਆਫ ਇੰਡੀਆ ਦੀ ਬਿਲਡਿੰਗ ਵਿੱਚ ਰਾਬਿਨਸਨ ਰੋਡ ਤੇ ਲੱਗਾ। ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਾਸਟਰ ਭਾਗ ਸਿੰਘ ਅਤੇ ਸੇਵਾ ਸਿੰਘ ਗੰਧਰਬ ਨੇ ਸੁੰਦਰ ਕੀਰਤਨ ਕੀਤਾ। ਇੱਕ ਦੀਵਾਨ ਸ. ਸਰਦਾਰਾ ਸਿੰਘ ਐਸ. ਪੀ. ਵੱਲ ਲੱਗਾ। ਤੀਜਾ ਦੀਵਾਨ ਨੇਵਲ ਬੇਸ ਤੇ ਸਜਾਣ ਦੀ ਕਿਰਪਾ ਕੀਤੀ ਗਈ। ਫੇਰ ਸੇਠ ਨਰਾਇਣ ਸਿੰਘ ਨਰੂਲਾ ਦੇ ਘਰ ਵਿੱਚ ਕੀਰਤਨ ਦੀ ਬਹਾਰ ਲਾਈ। ਉਜੇਹਾ ਦ੍ਰਿਸ਼ ਦੇਖਣ ਲਈ ਅੱਖੀਆਂ ਤਰਸਦੀਆਂ ਸਨ, ਅੱਜ ਕੀਰਤਨ ਅਤੇ ਦਰਸ਼ਨ ਕਰਕੇ ਮਨ ਨੂੰ ਸ਼ਾਂਤੀ ਤੇ ਸੁਆਦ ਆ ਗਿਆ।

ਸ. ਔਜਲਾ ਨੇ ਹੁਣੇ ਕਿਸੇ ਵੇਲੇ ਹਾਂਗਕਾਂਗ ਲਈ ਉਡਣਾ ਸੀ ਇਸ ਲਈ 15 ਕੁ ਮਿੰਟ ਦੀ ਬੈਠਕ ਹੀ ਹੋਈ। ਸ੍ਰੀ ਸਤਿਗੁਰੂ ਜੀ ਦੀ ਵੀ ਕਾਫੀ ਮਸ਼ਰੂਫ਼ ਸਨ। ਪਰ ਔਜਲਾ ਸਰਦਾਰ ਡਾ. ਮੂਸਾ ਨਾਲ ਮਿਲ ਕੇ ਸ੍ਰੀ ਸਤਿਗੁਰੂ ਜੀ ਨੂੰ ਆਪ ਜੀ ਦੇ ਨਿਵਾਸ ਸਥਾਨ ਤੱਕ ਛੱਡਣ ਆਇਆ।

**ਡੇਰਾ ਸੁਰੰਮ੍ਰਿਤ ਸਿੰਘ ਸੇਠ ਦੇ –** ਅੱਜ ਤੋਂ ਸ੍ਰੀ ਸਤਿਗੁਰੂ ਜੀ ਦਾ ਅਤੇ ਹਜ਼ੂਰ ਦੇ ਨਾਲ ਆਏ ਜਥੇ ਦਾ ਡੇਰਾ ਸੇਠ ਸੁਰੰਮ੍ਰਿਤ ਸਿੰਗ ਚਾਵਲਾ ਦੇ ਚੀਨੀ ਸਾਖਤ ਦੇ ਬੰਗਲੇ ਵਿੱਚ ਲੱਗ ਗਿਆ। ਸ੍ਰੀ ਸਤਿਗੁਰੂ ਜੀ ਦੇ ਕਮਰੇ ਤਾਂ ਪਹਿਲਾਂ ਤੋਂ ਹੀ ਨਿਸਚਿਤ ਹਨ। ਸਾਨੂੰ ਸਭ ਨੂੰ ਵੀ ਮੁਨਾਸਬ ਥਾਵਾਂ ਅਲਾਟ ਕਰ ਦਿੱਤੀਆਂ ਗਈਆਂ। ਮੈਂ ਨੋਟ ਕੀਤਾ ਕਿ ਸੇਠ ਸੁਰੰਮ੍ਰਿਤ ਸਿੰਘ ਨੇ ਇਸ ਬੰਗਲੇ ਵਿੱਚ ਕਾਫੀ ਵਾਧੇ ਕੀਤੇ ਹਨ। ਖੁਦ ਸੇਠ ਸੁਰੰਮ੍ਰਿਤ ਸਿੰਘ ਤਾਂ ਕਾਰੋਬਾਰੀ ਭੱਜ ਨੱਸ ਵਿੱਚ ਹਾਂਗਕਾਂਗ ਗਿਆ ਹੋਇਆ ਸੀ, ਪਿੱਛੇ ਸੇਠ ਦੇ ਘਰੋਂ ਬੀਬੀ ਰਜਿੰਦਰਪਾਲ ਤੇ ਛੋਟੇ ਭਾਈ ਧਰਮ ਸਿੰਘ ਨੇ ਸਾਰੇ ਰਿਹਾਇਸ਼ੀ ਪ੍ਰਬੰਧ ਕੀਤੇ।

ਸ੍ਰੀ ਸਤਿਗੁਰੂ ਜੀ ਫਲਾਹਾਰ ਕਰਕੇ ਸੇਠ ਹਰਮਹਿੰਦਰ ਸਿੰਘ-ਬਲਬੀਰ ਕੌਰ ਦੇ ਨਿਵਾਸ ਚਾਵਲਾ ਕੋਰਟ ਖਲੌਂਗ ਤਕ ਚਲੇ ਗਏ, ਜਿੱਥੇ ਅਵਸ਼ ਹੀ ਕਈ ਤਰ੍ਹਾਂ ਦੀਆਂ ਵਿਚਾਰਾਂ ਜਾਂ ਬੈਰੂਨੀ ਟੈਲੀਫੋਨ ਹੋਏ ਹੋਣਗੇ। ਮੈਨੂੰ ਪਤਾ ਲੱਗਾ ਕਿ ਰਾਤੀਂ 10.30 ਤੋਂ ਪਿੱਛੋਂ ਹੀ ਕਿਸੇ ਵੇਲੇ ਆਪਣੇ ਡੇਰੇ ਪਹੁੰਚੇ।

**19 ਸਤੰਬਰ 1986, ਸ਼ੁੱਕਰਵਾਰ**
**ਬੈਂਕੋਕ, ਥਾਈਲੈਂਡ**

**ਮਹਿਤਾਬ ਕੀ ਦੁਕਾਨ ਤੇ ਬਖ਼ਸ਼ਸ਼ –** ਅੱਜ ਆਸਾ ਦੀ ਵਾਰ ਦੇ ਸੁਕੀਰਤਨ ਦਾ ਮਾਣ, ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਗਿਆਨੀ ਸੰਤੋਖ ਸਿੰਘ-ਮਹਿੰਦਰ ਕੌਰ ਗਿਆਨਣ ਦੇ ਸਪੁੱਤਰ ਸ. ਮਹਿਤਾਬ ਸਿੰਘ ਦੀ ਦੁਕਾਨ ਸੰਫੈਕ ਨੂੰ ਪ੍ਰਾਪਤ ਹੋਇਆ। 3.30 ਤੋਂ ਹੀ ਸਕੇਸ਼ ਸ਼ਨਾਨ ਕੀਤੀ ਸਫੈਦ ਬਸਤਰ ਧਾਰੀ ਸਿੰਘ ਸਿੰਘਣੀਆਂ ਗੁਰੂ ਦਰਸ਼ਨ ਅਤੇ ਕੀਰਤਨ ਦਾ ਲਾਭ ਲੈਣ ਲਈ ਸੰਫੈਕ ਵਿੱਚ

ਇਸ ਦੁਕਾਨ ਵੱਲ ਉਮੜ ਪਏ। ਇਹ ਲੰਮ ਤਲੰਮੀ ਦੁਕਾਨ ਮਾਲਕੀ ਵਜੋਂ ਸਵਰਗਵਾਸੀ ਅਵਤਾਰ ਸਿੰਘ ਚਾਵਲਾ ਪਰਵਾਰ ਦੀ ਹੈ।

5.45 ਤੇ ਭੋਗ ਪੈਂਦਿਆਂ ਹੀ ਪ੍ਰਕਾਸ਼ ਹੋਏ ਆਦਿ ਗ੍ਰੰਥ ਸਾਹਿਬ ਜੀ ਤੋਂ ਸੰਤ ਬਿਅੰਤ ਸਿੰਘ ਸੋਖਲ, ਸੰਤੋਖ ਸਿੰਘ ਸਾਜਨ, ਹਰਭਜਨ ਸਿੰਘ ਪਰਵਾਨਾ (ਸਾਰੇ ਸੰਤ ਨਗਰੀਏ) ਸ਼੍ਰੀ ਅਮਰ ਸਿੰਘ ਗੁਲਾਟੀ, ਸੰਤ ਨਰੈਣ ਸਿੰਘ ਨਰੂਲਾ ਆਦਿ ਨੇ 7 ਪਾਠਾਂ ਦੇ ਭੋਗਾਂ ਲਈ ਸਲੋਕ ਪੜ੍ਹਨੇ ਸ਼ੁਰੂ ਕਰ ਦਿੱਤੇ-

ਦੋ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ

ਦੋ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਵਿੱਚ

ਇੱਕ ਪਾਠ ਸੇਠ ਚਾਵਲਾ-ਪ੍ਰਿਤਪਾਲ ਕੌਰ ਦੇ ਪੋਤਰੇ ਸ. ਸਰੂਪ ਸਿੰਘ ਦੇ ਘਰ ਸੁਪੱਤਰ ਹੋਣ ਦੀ ਖੁਸ਼ੀ ਵਿੱਚ

ਇੱਕ ਪਾਠ ਸ. ਮਹਿਤਾਬ ਸਿੰਘ ਘਰ ਲੜਕਾ ਹੋਣ ਦੀ ਖੁਸ਼ੀ ਵਿੱਚ

ਇੱਕ ਪਾਠ ਸੇਠ ਦੀਦਾਰ ਸਿੰਘ ਦੀ ਸੁਪਤਨੀ ਬੀਬੀ ਮਹਿੰਦਰ ਕੌਰ ਵਲੋਂ

**ਬੀਬੀ ਪ੍ਰਿਤਪਾਲ ਕੌਰ ਵਲੋਂ ਪ੍ਰੇਮ –** ਦੁਕਾਨ ਵਿੱਚ ਸਲੋਕਾਂ ਦੀ ਸਮਾਪਤੀ ਨੇੜੇ ਬੀਬੀ ਪ੍ਰਿਤਪਾਲ ਕੌਰ ਸੁਪਤਨੀ ਸੇਠ ਅਵਤਾਰ ਸਿੰਘ ਚਾਵਲਾ (ਸਵਰਗਵਾਸੀ) ਨੇ ਆਪਣੇ ਸਾਰੇ ਨੂੰਹਾਂ ਪੁੱਤਰਾਂ ਨੂੰ ਸ੍ਰੀ ਗੁਰੂ ਚਰਨਾਂ ਵਿੱਚ ਲਿਆਂਦਾ, ਖਾਸ ਕਰ ਸੇਠ ਸਰੂਪ ਸਿੰਘ ਦੇ ਬੇਟੇ ਆਪਣੇ ਨਵ-ਪੋਤਰੇ ਨੂੰ ਲੈ ਕੇ ਹਾਜ਼ਰ ਹੋਈ। ਸਾਰੇ ਪਰਵਾਰ ਨੇ ਨਮਸਕਾਰ ਸਰੂਪ ਭੇਟਾਵਾਂ ਧਰੀਆਂ। ਬੀਬੀ ਜੀ ਵਲੋਂ ਇਸ ਸਮੇਂ ਸੋਨੇ ਦੇ ਮਣਕਿਆਂ ਦੀ ਇੱਕ ਅਠੋਤਰੀ ਮਾਲਾ ਮਾਇਆ ਬਸਤਰ ਫਲ ਆਦਿ ਭੇਟਾ ਧਰ ਕੇ ਖੁਸ਼ੀਆਂ ਲਈਆਂ। ਉਪਰਲੀ ਛੱਤੇ ਸਾਰੀ ਸੰਗਤ ਨੂੰ ਨਾਸ਼ਤਾ ਪ੍ਰਸ਼ਾਦ ਅਤੇ ਸ੍ਰੀ ਸਤਿਗੁਰੂ ਜੀ ਅਤੇ ਨਾਲ ਦੇ ਜਥੇ ਨੂੰ ਫਲਾਹਾਰ ਕਰਵਾਇਆ।

**ਸ੍ਰੀ ਚਰਨ ਪਰਵੇਸ਼ –** ਨਿੱਤ ਵਾਂਗ, ਅੱਜ ਵੀ ਵਾਰ ਤੋਂ ਉੱਠ ਫਲਾਹਾਰ ਕਰਦਿਆਂ ਹੀ ਸਾਧ ਸੰਗਤ ਦੇ ਘਰੀਂ ਪ੍ਰਬੰਧਕਾਂ ਦੇ ਸੁਝਾਏ ਤੇ ਸ੍ਰੀ ਸਤਿਗੁਰੂ ਜੀ ਚਰਨ ਪਾਉਣ ਹਿਤ ਪਧਾਰੇ। ਸ. ਪ੍ਰਿਤਪਾਲ ਸਿੰਘ ਨਾਟਾ ਦੀ ਮਾਟਾਡੋਰ, ਪ੍ਰਿਤਪਾਲ ਸਿੰਘ ਜੀ ਅਗਵਾਈ ਅਤੇ ਸੰਤ ਸਤਪਾਲ ਸਿੰਘ ਦੇ ਸਹਿਯੋਗ ਨਾਲ ਆਏ ਵਿਸ਼ੇਸ਼ ਜਥੇ ਨਾਲ ਸ੍ਰੀ ਸਤਿਗੁਰੂ ਜੀ ਨੇ ਹੇਠ ਲਿਖੇ ਘਰਾਂ ਨੂੰ ਨਿਵਾਜਿਆ। ਇਹ ਘਰ ਵੀ ਦਰਿਆਓਂ ਪਾਰ ਦੇ ਹਨ। ਸ. ਸੁਰਜੀਤ ਸਿੰਘ ਗਾਂਧੀ .............. ਇਸ ਵਿੱਚ ਸਹਾਇਕ ਰਹੇ।

ਫਹਿਰਿਸਤ ਇਸ ਪ੍ਰਕਾਰ ਹੈ-

1. ਸ. ਮਨਜੀਤ ਸਿੰਘ ਮਨਚੰਦਾ
2. ਸ. ਚਾਨੋ ਸਿੰਘ ਮਲਹੋਤਰਾ
3. ਬੀਬੀ ਗੁਰਦੇਵ ਕੌਰ ਖਾਣੀਜੌਂ
4. ਸ. ਤਰਨਜੀਤ ਸਿੰਘ ਖਾਣੀਜੌਂ
5. ਸ. ਚਰਨ ਸਿੰਘ ਸੇਠੀ
6. ਸ. ਹਰਭਜਨ ਸਿੰਘ ਛਾਬੜਾ
7. ਸ. ਮਨਜੀਤ ਸਿੰਘ ਨਰੂਲਾ
8. ਸ. ਕਿਸ਼ਨ ਸਿੰਘ ਸੇਠੀ
9. ਸ. ਓਂਕਾਰ ਸਿੰਘ ਖਾਣੀਜੌਂ
10. ਸ. ਜਗਜੀਤ ਸਿੰਘ ਮਲਹੋਤਰਾ
11. ਸ. ਗੁਰਮੁਖ ਸਿੰਘ ਸੇਠੀ
12. ਸ. ਕੁਲਦੀਪ ਸਿੰਘ ਗੰਭੀਰ
13. ਸ. ਬਲਦੇਵ ਸਿੰਘ ਖੰਨਪੁਰੀ
14. ਸ. ਜਸਬੀਰ ਸਿੰਘ ਸੇਠੀ
15. ਸ. ਪ੍ਰਿਤਪਾਲ ਸਿੰਘ ਨਰੂਲਾ
16. ਸ. ਪਿਆਰਾ ਸਿੰਘ ਮੋਂਗਾ
17. ਸ. ਮੋਹਰ ਸਿੰਘ ਮੋਂਗਾ
18. ਸ. ਸੇਵਾ ਸਿੰਘ ਛਾਬੜਾ
19. ਸ. ਰਣਧੀਰ ਸਿੰਘ ਖੰਨਪੁਰੀ
20. ਸ. ਨਰਿੰਦਰ ਸਿੰਘ ਖਾਣੀਜੌਂ
21. ਸੰਤ ਕਰਤਾਰ ਸਿੰਘ ਸਬਾਜਪੁਰੀ
22. ਸੰਤ ਕਪੂਰ ਸਿੰਘ ਸਚਦੇਵ
23. ਸੰਤ ਹਰਭਜਨ ਸਿੰਘ ਕੁਮਾਰ

ਭੀੜਾਂ ਭਰੇ ਬਾਜ਼ਾਰ ਅਤੇ ਦੂਰ ਦੂਰ ਸਾਰੇ ਘਰ, ਮਸਾਂ 10 ਵਜੇ ਦੇ ਕਰੀਬ ਇਹ ਪ੍ਰੋਗਰਾਮ ਸਮਾਪਤ ਹੋ ਸਕਿਆ।

**ਚਲਦਾ........**

# A Saga Of Sri Satguru Jagjit Singh Ji

- Dr. Sharada Jayagovind

During this time, melodious music reverberated throughout Sri Bhaini Sahib. Over three hundred children learnt music. Music could be heard from every corner of Sri Bhaini Sahib which was like a *Gandharva Nagari.* Most of the Namdhari children who came to Sri Bhaini Sahib to learn music were from poor farmers' families and there was a popular belief that a peasant's ear cannot be tuned to music. But Patsha ji proved it wrong by grooming these children who had no exposure or background to classical music. All students of music, rich or poor were treated alike and their needs were taken care of by Patsha ji. The education was free of cost but the children had to respect, surrender and serve the Guru.

Balwant Singh recalls the days when Patsha ji's grandson, Jai Singh ji and he learnt *santoor* together. He says:

*"Patsha ji taught us the culture of music - to be respectful and modest. Money was not the criteria for the musician. He should aim for knowledge, devotion and seva. All Namdhari artistes strive to follow the path shown by Satguru ji. Music is priceless. Patsha ji taught us the enormous worth of this divine art."*

Patsha ji said that teaching is a skill and a teacher should be patient as well as demanding. He should be willing to give his knowledge freely to sincere students. Patsha ji was such a charming Guru that all children longed to be in his company. Learning music was the means to please Patsha ji and get close to him. Both the children and the parents knew this secret and learning music became a divine activity. Parents would leave children as young as five or six in Sri Bhaini Sahib to pursue music.

In a documentary on Satguru Jagjit Singh ji, Sukhvinder Singh Pinky, the celebrated Grammy award winner and *tabla player* gratefully recounts the grace of the Guru in his making as a musician. Satguru Jagjit Singh ji had heard Sukhvinder Singh Pinky play the *dholak* while his brother Sukhdev Singh sang. Pleased with their performance, he invited the young artistes, then seven and nine respectively, to Sri Bhaini Sahib.

When his parents met Satguru Jagjit Singh ji, the Satguru told them:

“From now on, we will make the important decisions in their lives.”

To that, the parents readily agreed and replied:

“O Sache Patsha, the children belong to you.”

That is how the glorious journey in music of Sukhvinder Singh Pinky started with the blessings of the Satguru.

At first he started learning music from Ustad Nihal Singh ji. Later, Patsha ji sent him to the greatest *tabla* artiste of the time, Pandit Kishan Maharaj of Benares, with whom Pinky studied *tabla* for eighteen years. Today, Pinky is a legend in the field of music.

Sukhdev Singh, along with Mohan Singh, learnt music from the illustrious Mishra brothers.

At Sri Bhaini Sahib, music classes would start at two o'clock in the morning and the children had to wake up very early. When a child did not turn up at the class, Patsha ji would send someone to find out why the child had not come. After the morning classes the children had to participate in *Asa di Vaar,* which would be held at four o'clock in the morning. After attending school, the children had to again practise music in the evening from six to eight o'clock. Inspite of this gruelling schedule, the children were happy. For the Master knew the secret of making them happy. Every moment they basked in the love of the Satguru who would not forget to buy badminton racquets or other small gifts for the children when he returned from a trip abroad.

Patsha ji would sit with the children singing the basic notes, *Sa Re Ga Ma*, for hours together. He would not feel bored or tired coaching these tiny tots. He would listen to them closely, sing with them, correct them if they made mistakes. The patience and love with which he handled the children was remarkable.

**to be continued............**

# ਸੁੱਚੇ-ਮੋਤੀ

## ਜਾਦੂ ਟੂਣੇ ਵਿਅਰਥ ਹਨ

5 ਮਾਰਚ 1962 ਈ. ਨੂੰ ਜੀਵਨ ਨਗਰ ਵਿਖੇ ਆਸਾ ਦੀ ਵਾਰ ਦਾ ਕੀਰਤਨ ਸੰਤ ਰੂੜ ਸਿੰਘ ਜਥੇਦਾਰ ਦੇ ਘਰ ਹੋ ਰਿਹਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉੱਥੇ ਦਰਸ਼ਨ ਦਿੱਤੇ। ਅਖੰਡ ਪਾਠ ਦਾ ਇੱਕ ਭੋਗ ਵੀ ਆਪ ਜੀ ਦੀ ਹਜ਼ੂਰੀ ਵਿੱਚ ਪਿਆ। ਵਾਰ ਦੀ ਸਮਾਪਤੀ ਪਿੱਛੋਂ ਕਿਸੇ ਸਿੰਘ ਦਾ ਕੇਸ ਸਤਿਗੁਰੂ ਜੀ ਸਾਹਵੇਂ ਆਇਆ ਕਿ ਉਹ ਦੀ ਨੂੰਹ ਜਾਂ ਧੀ 'ਤੇ ਜਾਦੂ ਟੂਣੇ ਦਾ ਅਸਰ ਹੋ ਰਿਹਾ ਹੈ। ਸਤਿਗੁਰਾਂ ਸਪੱਸ਼ਟ ਕੀਤਾ ਕਿ ਕਿਸੇ ਜਾਦੂ ਟੂਣੇ ਦਾ ਅਸਰ ਨਹੀਂ ਹੁੰਦਾ। ਇਹ ਸਾਡੇ ਮਨਾਂ ਦੀ ਕਮਜ਼ੋਰੀ ਹੈ ਜੁ ਅਜਿਹੇ ਵਾਕਿਆਤ ਹੋ ਜਾਂਦੇ ਹਨ।

## ਫਜ਼ੂਲ ਖਰਚ ਜ਼ਰੂਰ ਰੋਕਾਂਗਾ

5 ਦਸੰਬਰ 1962 ਈ. ਨੂੰ ਜੀਵਨ ਨਗਰ ਵਿਖੇ ਬੈਠਿਆਂ ਸ੍ਰ. ਅਨੂਪ ਸਿੰਘ ਰੀਟਾਈਰਡ ਐਸ. ਪੀ. ਕਿਸੇ ਦੇ ਵਿਆਹ ਦੀ ਸਿਫਾਰਸ਼ ਲੈ ਕੇ ਆਏ। ਉਹਨਾਂ ਬਖਸ਼ਿਸ਼, ਸਿੱਖ ਦਾ ਕਰਤੱਵ, ਸਤਿਗੁਰੂ ਦੀ ਦਿਆਲਤਾ ਆਦਿ 'ਤੇ ਵਿਚਾਰ ਕਰ ਕਰਵਾ ਕੇ ਜਦੋਂ ਉਸ ਵਿਆਹ ਬਾਰੇ ਗੱਲ ਕੀਤੀ, ਜਿਸ ਮਨੋਰਥ ਲਈ ਆਏ ਸਨ ਤਾਂ ਸਤਿਗੁਰੂ ਜੀ ਨੇ ਸਾਫ਼ ਕਿਹਾ- "ਜੇ ਮੇਰੇ ਪਾਸ ਬੈਠਣ ਵਾਲੇ ਹੀ ਇਸ ਤਰ੍ਹਾਂ ਕਰਨ ਤਾਂ ਮੈਂ ਕਿਸਨੂੰ ਰੋਕਾਂਗਾ? ਮੈਨੂੰ ਭਾਵੇਂ ਕੱਲੇ ਨੂੰ ਗੜਵਾ ਫੜ੍ਹਕੇ ਤੁਰਨਾ ਪਵੇ ਪਰ ਮੈਂ ਮੰਗਣੀਆਂ ਮੁਕਲਾਵਿਆਂ ਦਾ ਖ਼ਰਚ ਜ਼ਰੂਰ ਰੋਕਾਂਗਾ। ਸਤਿਗੁਰੂ ਕਿਰਪਾ ਕਰਨਗੇ, ਮੈਨੂੰ ਸਫ਼ਲਤਾ ਮਿਲੇਗੀ।" ਸਤਿਗੁਰੂ ਜੀ ਦੀ ਕਮਾਲ ਦੀ ਦ੍ਰਿੜ੍ਹਤਾ ਸੀ।

## ਜਚਦੇ ਕੌਣ ਹਨ?

ਇੱਕ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਬਿਲਾਸ ਚਲਦਿਆਂ ਫ਼ੁਰਮਾਇਆ- "ਮੈਨੂੰ ਜ਼ਬਾਨੀ ਕਲਾਮੀ ਵਧੇਰੇ ਪ੍ਰਸੰਸਾ ਕਰਨ ਵਾਲੇ ਨਹੀਂ ਜਚਦੇ। ਅਸਲੀ ਪ੍ਰਸੰਸਕ ਤਾਂ ਉਹ ਹਨ ਜੁ ਮੇਰੀ ਇੱਛਾ ਨੂੰ ਸਮਝਕੇ ਸਾਰੇ ਕੰਮ ਕਰਦੇ ਹਨ। ਉਹਨਾਂ ਦੇ ਸਾਧਾਰਨ ਸ਼ਬਦਾਂ ਵਿੱਚ ਹੀ ਸੱਚ ਪ੍ਰਗਟ ਹੁੰਦਾ ਰਹਿੰਦਾ ਹੈ।"

## ਮੈਂ ਵਿਹਲਾ ਨਹੀਂ ਬੈਠ ਸਕਦਾ

10 ਜੁਲਾਈ 1977 ਨੂੰ ਰਮੇਸ਼ ਨਗਰ ਦਿੱਲੀ ਵਿਖੇ ਸੰਗੀਤ ਬੈਠਕ ਤੋਂ ਵਿਹਲੇ ਹੋ ਕੇ ਆਉਂਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਦੱਸਿਆ- "ਇਹ ਵੀ ਕੰਮ ਹੀ ਹੈ। ਮੈਂ ਵਿਹਲਾ ਇੱਕ ਪਲ ਨਹੀਂ ਬੈਠ ਸਕਦਾ। ਸੋ ਕੁਝ ਨਾ ਕੁਝ ਕਰਨਾ ਤਾਂ ਹੁੰਦਾ ਹੀ ਹੈ। ਮੈਂ ਸੋਚਿਆ ਚੱਲੋ ਨਾਮਧਾਰੀ ਬੱਚਿਆਂ ਨੂੰ ਸੰਗੀਤ ਵਿੱਚ ਹੀ ਪਾਰੰਗਤ ਕਰ ਦੇਈਏ।"

## ਸਫ਼ਲ ਕਿਵੇਂ ਹੋਈਏ?

8 ਸਤੰਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਬੈਠਕ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕੀਤਾ- "ਜ਼ਿੰਦਗੀ ਵਿੱਚ ਜਿਸਨੇ ਕੁਝ ਕਰਨਾ ਹੈ ਉਹ ਕੰਡਿਆਂ ਥੋਰਾਂ ਤੋਂ ਨਾ ਡਰੇ। ਉਹ ਤਾਂ ਸਾਰੀਆਂ ਰੋਕਾਂ ਉਲੰਘਦਾ ਹੀ ਜਾਵੇ, ਜਿਵੇਂ ਵੇਗਵਾਨ ਨਦੀ ਪੱਥਰਾਂ, ਚਟਾਨਾਂ ਦੇ ਹੇਠ ਦੀ, ਉਤੋਂ ਦੀ ਜਾਂ ਪਾਸਿਉਂ ਦੀ ਰਾਹ ਬਣਾਂਦੀ ਤੁਰੀ ਜਾਂਦੀ ਹੈ। ਸਸਤੀ ਸਫ਼ਲਤਾ ਨਾ ਮਿਲਦੀ ਹੈ ਤੇ ਜੇ ਕਿਸੇ ਝੋਲੀ ਪੈ ਜਾਏ ਤਾਂ ਖੁੱਸਦਿਆਂ ਵੀ ਦੇਰ ਨਹੀਂ ਲੱਗਦੀ।"

## ਡਰਾਈਵਿੰਗ ਦੇ ਅਸੂਲ

25 ਨਵੰਬਰ 1977 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਡਰਾਈਵਰ ਸੰਤ ਰਘੁਬੀਰ ਸਿੰਘ (ਗੜ੍ਹੀ ਮਹਾਂ ਸਿੰਘ) ਨੂੰ ਦੱਸਿਆ- "ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਚਨ ਸੁਣਿਆ ਹੈ, ਉਹਨਾਂ ਡਰਾਈਵਿੰਗ ਲਈ ਤਿੰਨ ਗੁਰ ਦੱਸੇ ਸਨ-

1. ਗੱਡੀ ਸਦਾ ਪੈਟਰੋਲ ਨਾਲ ਭਰਪੂਰ ਕਰਕੇ ਰੱਖੋ।
2. ਜਦੋਂ ਰੁਕਣਾ ਹੋਵੇ, ਜਿਧਰ ਨੂੰ ਗੱਡੀ ਨੇ ਚੱਲਣਾ ਹੋਵੇ, ਓਧਰ ਮੂੰਹ ਕਰਕੇ ਖਲ੍ਹਾਰੋ।
3. ਜਦੋਂ ਤੁਰ ਪਉ ਤਾਂ ਰੇਲ ਦੇ ਫਾਟਕ ਜਾਂ ਨਦੀ ਵਗੈਰਾ ਦਾ ਪੁਲ ਪਾਰ ਕਰਕੇ ਹੀ ਖਲੋਵੋ। ਰੁਕਣ ਦੀ ਲੋੜ ਪਏ ਤਾਂ ਫਾਟਕ ਜਾਂ ਪੁਲ ਤੋਂ ਉਰਲੇ ਪਾਰ ਕਦੇ ਨਾ ਖਲੋਵੋ।

## ਮਿੱਟੀ 'ਚੋਂ ਸੋਨਾ

8 ਦਸੰਬਰ 1977 ਨੂੰ ਸ੍ਰੀ ਭੈਣੀ ਸਾਹਿਬ, ਅੱਜ ਮੇਰੀ (ਕਵੀ ਪ੍ਰੀਤਮ ਸਿੰਘ) ਰੂਹ ਬਾਗ ਬਾਗ ਹੈ, ਜਦੋਂ ਮੈਂ ਵੇਖਦਾ ਹਾਂ ਕਿ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਅਧਿਕਾਰਾਂ ਦੀ ਹਰ ਵੇਲੇ ਵਰਤੋਂ ਕਰਦੇ ਜਾ ਰਹੇ ਹਨ। ਸਤਿਗੁਰਾਂ ਕੋਲ ਲੱਖਾਂ ਰੁਪਏ ਆਉਂਦੇ ਤੇ ਲੱਖਾਂ ਹੀ ਖਰਚ ਹੋ ਜਾਂਦੇ ਹਨ ਪਰ ਸਤਿਗੁਰੂ ਜੀ ਨੇ ਕਦੇ ਪੈਸੇ ਨੂੰ ਹੱਥ ਲਾ ਕੇ ਨਹੀਂ ਡਿੱਠਾ। ਸੇਵਕਾਂ ਦੀ ਸੋਹਣੀ ਰਿਹਾਇਸ਼, ਵਧੀਆ ਪੁਸ਼ਾਕਾਂ, ਕੰਮਾਂ ਵਿੱਚ ਤੇਜ਼ੀ, ਸ੍ਰੀ ਭੈਣੀ ਸਾਹਿਬ ਦੀ ਉਸਾਰੀ, ਵਿਦੇਸ਼ਾਂ ਵਿੱਚ ਨਾਮਧਾਰੀ ਧਰਮਸ਼ਾਲਾਵਾਂ ਦੀ ਖਰੀਦ, ਸੰਗੀਤ, ਖੇਡਾਂ ਆਦਿ 'ਤੇ ਖੁੱਲ੍ਹਾ ਖਰਚ, ਨਾਮਧਾਰੀ ਬੱਚਿਆਂ ਦੀ ਉਸਾਰੀ ਵੱਲ ਪਹੁੰਚ। ਕਿਸੇ ਗੱਲ ਵਿੱਚ ਵੀ ਪੈਸੇ ਦੀ ਥੁੜ੍ਹੋਂ ਅੜਿੱਕਾ ਨਹੀਂ। ਸਮਾਜ ਵਿੱਚ ਲੋੜਵੰਦਾਂ ਦੀ ਹਜ਼ਾਰਾਂ ਤੇ ਲੱਖਾਂ ਨਾਲ ਮਦਦ ਕੀਤੀ ਜਾਂਦੀ ਹੈ। ਸਤਿਗੁਰੂ ਜਿਧਰ ਨਜ਼ਰ ਕਰਦੇ ਹਨ ਮਿੱਟੀ 'ਚੋਂ ਸੋਨਾ ਉੱਠ-ਉੱਠ ਕੇ ਆਪਣੇ ਚਰਨੀਂ ਆ ਲੱਗਦਾ ਹੈ।

## ਕਰੋਧ 'ਤੇ ਕਾਬੂ

ਕਰੋਧ ਬਾਰੇ ਜ਼ਿਕਰ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦੱਸਿਆ- "ਕਈ ਵਾਰ ਐਸੇ ਹਾਲਾਤ ਪੈਦਾ ਹੋ ਜਾਂਦੇ ਹਨ ਕਿ ਕਰੋਧ ਹੁਰੀਂ ਆ ਧਮਕਣ। ਪਰ ਮੈਂ ਉਸ ਦੀ ਪੈਛੜ ਪਛਾਣ ਲੈਂਦਾ ਹਾਂ ਤੇ ਕੋਸ਼ਿਸ਼ ਰੱਖਦਾ ਹਾਂ ਕਿ ਆਪਣੇ ਪੈਰੋਂ ਨਹੀਂ ਉਖੜਣਾ। ਕਰੋਧ ਨੂੰ ਪੀ ਹੀ ਜਾਣਾ ਹੈ। ਪਰ ਹੁਣ ਸਤਿਗੁਰਾਂ ਦੀ ਕਿਰਪਾ ਨਾਲ ਗੁੱਸਾ ਨਹੀਂ ਆਉਂਦਾ। ਕਰੋਧੀ ਨਾਲ ਧੀਰਜ ਰੱਖ ਕੇ ਹੀ ਨਿੱਬੜੀਦਾ ਹੈ।"

## ਦਿਲਚਸਪੀਆਂ

ਸਤਿਗੁਰੂ ਜਗਜੀਤ ਸਿੰਘ ਜੀ ਨਿੱਕੀਆਂ-ਨਿੱਕੀਆਂ ਦਿਲਚਸਪੀਆਂ ਤਾਂ ਇੰਜ ਪੈਦਾ ਕਰਦੇ ਰਹਿੰਦੇ ਹਨ ਜਿਵੇਂ ਉਨ੍ਹਾਂ ਦੇ ਅੰਦਰਵਾਰ ਕਿਤੇ ਦਿਲਚਸਪੀਆਂ ਦਾ ਫੁਹਾਰਾ ਹੋਵੇ। ਗੁਰਬਾਣੀ ਦੁਆਰਾ ਸ਼ਬਦ-ਨਿਖੇੜ ਕਰਦਿਆਂ ਸੰਬੰਧਤ ਧਿਰਾਂ ਨੂੰ ਰਮਜ਼ਾਂ ਨਾਲ ਬਹੁਤ ਕੁਝ ਸਮਝਾ ਦਿੰਦੇ ਹਨ। ਜੰਮੂ ਦੇ ਇੱਕ ਨੌਜੁਆਨ ਚਰਨ ਸਿੰਘ (ਚੰਨੀ) ਨੂੰ ਵੇਖ, ਪ੍ਰਮਾਣ ਦਿੰਦਿਆਂ "ਮਾਈ ਗੁਰ ਚਰਣੀ ਚਿਤੁ ਲਾਈਐ" ਕਹਿੰਦਿਆਂ ਉਸਨੂੰ ਅੱਗੇ ਆ ਕੇ ਬੈਠਣ ਦਾ ਇਸ਼ਾਰਾ ਕੀਤਾ।

**(ਸੁਖ਼ਨ-ਏ-ਬੇਅੰਤ ਵਿੱਚੋਂ)**

.......................................................

## ਬੱਚਿਆਂ ਦਾ ਪੰਨਾ

# ਭਾਈ ਮੰਝ

ਭਾਈ ਮੰਝ ਪਿੰਡ ਕੰਗਮਈ ਜ਼ਿਲ੍ਹਾ ਹੁਸ਼ਿਆਰਪੁਰ ਦਾ ਰਹਿਣ ਵਾਲਾ ਇਕ ਅਮੀਰ ਜ਼ਿਮੀਂਦਾਰ ਸੀ। ਉਹ ਸਖੀ ਸਰਵਰ ਦਾ ਸੇਵਕ ਸੀ ਅਤੇ ਸਖੀ ਸਰਵਰੀ ਦੇ ਪ੍ਰਚਾਰ ਨੂੰ ਵਧਾਉਣ ਵਾਸਤੇ ਉਸ ਕਈ ਪੀਰ ਖਾਨੇ ਬਣਾਏ ਹੋਏ ਸਨ। ਇਕ ਵਾਰ ਭਾਈ ਮੰਝ ਆਪਣੇ ਸਾਥੀਆਂ ਦਾ ਇਕ ਜੱਥਾ ਲੈ ਕੇ ਨਿਗਾਹੇ ਪੀਰ ਦੀ ਯਾਤਰਾ 'ਤੇ ਗਿਆ। ਜਦ ਉਹ ਵਾਪਿਸ ਆ ਰਿਹਾ ਸੀ ਤਾਂ ਉਸ ਦਾ ਕਿਸੇ ਸਿੱਖ ਨਾਲ ਮੇਲ ਹੋਇਆ ਅਤੇ ਉਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣਨ ਦਾ ਅਵਸਰ ਪ੍ਰਾਪਤ ਹੋਇਆ। ਗੁਰਬਾਣੀ ਤੋਂ ਉਹ ਬਹੁਤ ਪ੍ਰਭਾਵਤ ਹੋਇਆ ਅਤੇ ਉਸ ਆਪਣੀ ਖ਼ਾਹਿਸ਼ ਜ਼ਾਹਰ ਕੀਤੀ ਕਿ ਉਹ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਗੁਰੂ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਉਸ ਨੂੰ ਦੱਸਿਆ ਗਿਆ ਕਿ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਦੇਵ ਜੀ ਪੰਜਵੇਂ ਨਾਨਕ ਦੇ ਰੂਪ ਵਿਚ ਆਤਮਕ ਗਿਆਨ ਪ੍ਰਦਾਨ ਕਰ ਰਹੇ ਹਨ।

ਅੰਮ੍ਰਿਤਸਰ ਆ ਕੇ ਉਸ ਵੇਖਿਆ ਕਿ ਗੁਰੂ ਦੇ ਸਿੱਖ ਬੜੀ ਨਿਮਰਤਾ, ਸ਼ਰਧਾ ਅਤੇ ਪਿਆਰ ਨਾਲ ਸੇਵਾ ਵਿਚ ਲੱਗੇ ਹੋਏ ਸਨ। ਉਸਾਰੀ ਦੇ ਕੰਮ ਵੀ ਚੱਲ ਰਹੇ ਸਨ। ਸਰੋਵਰ ਨੂੰ ਵੇਖ ਕੇ ਉਹ ਬਹੁਤ ਖ਼ੁਸ਼ ਹੋਇਆ ਅਤੇ ਜਦ ਉਸ ਅੰਮ੍ਰਿਤ ਦੇ ਸਰੋਵਰ ਦੀ ਮਹਿਮਾ ਸੁਣੀ ਤਾਂ ਉਸ ਨੇ ਬੜੀ ਸ਼ਰਧਾ ਨਾਲ ਇਸ਼ਨਾਨ ਕੀਤਾ। ਫਿਰ ਉਹ ਗੁਰੂ ਦਰਬਾਰ ਪੁੱਜਾ ਅਤੇ ਇਲਾਹੀ ਕੀਰਤਨ ਸੁਣਿਆ ਕੀਰਤਨ ਸੁਣ ਕੇ ਉਸ ਨੂੰ ਬਹੁਤ ਅਨੰਦ ਆਇਆ ਅਤੇ ਉਸ ਨੇ ਮਨ ਬਣਾ ਲਿਆ ਕਿ ਸਿੱਖ ਬਣ ਜਾਣਾ ਚਾਹੀਦਾ ਹੈ। ਗੁਰੂ ਜੀ ਦੇ ਦਰਸ਼ਨ ਕਰਕੇ ਉਹ ਨਿਹਾਲ ਹੋ ਗਿਆ ਅਤੇ ਬੇਨਤੀ ਕੀਤੀ, "ਮਹਾਰਾਜ! ਮੈਂ ਆਪ ਜੀ ਦਾ ਸਿੱਖ ਬਣਨਾ ਚਾਹੁੰਦਾ ਹਾਂ ਮੇਰੇ 'ਤੇ ਕਿਰਪਾ ਕਰੋ । ਗੁਰੂ ਜੀ ਨੇ ਫ਼ਰਮਾਇਆ, "ਤੂੰ ਸਖੀ ਸਰਵਰ ਦਾ ਸੇਵਕ ਏਂ ਪਰ ਸਿੱਖ ਹੋਣਾ ਆਸਾਨ ਨਹੀਂ। ਸਿੱਖੀ ਵਾਲ ਨਾਲੋਂ ਵੀ ਬਾਰੀਕ ਅਤੇ ਖੰਡੇ ਦੀ ਧਾਰ ਨਾਲੋਂ ਵੀ ਤਿੱਖੀ ਹੈ। ਸਖੀ ਸਰਵਰੀ ਦਾ ਪੰਧ ਸੌਖਾ ਹੈ। ਸਿੱਖ ਬਣਨ ਲਈ ਕਰੋਧ, ਲੋਭ, ਮੋਹ, ਅਹੰਕਾਰ ਅਤੇ ਤਕੱਬਰ ਛੱਡਣਾ ਪੈਂਦਾ ਹੈ। ਭਾਈ ਮੰਝ ਫਿਰ ਸਨਿਮਰ ਬੇਨਤੀ ਕੀਤੀ, 'ਮਹਾਰਾਜ ਮੈਂ ਸਭ ਕੁਝ ਛਡਣ ਨੂੰ ਤਿਆਰ ਹਾਂ।'' ਪਰ ਗੁਰੂ ਜੀ ਫ਼ਰਮਾਇਆ, "ਤੂੰ ਸਭ ਕੁਝ ਕਰ ਸਕਦਾ ਹੈਂ ਪਰ ਸਿੱਖੀ ਤੇ ਸਿੱਖੀ ਨਹੀਂ ਟਿਕ ਸਕਦੀ। ਆਖ਼ਰੀ ਸ਼ਬਦ ਭਾਈ ਮੰਝ ਨੂੰ ਵਿੰਨ੍ਹ ਕੇ ਲੈ ਗਏ। ਉਸ ਨੂੰ ਅਸਲ ਗੱਲ ਦੀ ਸੋਝੀ ਆ ਗਈ। ਉਹ ਆਪਣੇ ਪਿੰਡ ਪਰਤ ਗਿਆ। ਉਸ ਆਪਣੇ ਘਰ

ਵਿਚ ਬਣਿਆ ਪੀਰਖਾਨਾ ਢਾਹ ਦਿੱਤਾ। ਸਾਰਾ ਪਿੰਡ ਉਸਦੇ ਖ਼ਿਲਾਫ਼ ਹੋ ਗਿਆ। ਚੌਧਰਪੁਣਾ ਉਸ ਤੋਂ ਖੋਹ ਲਿਆ ਗਿਆ।

ਅੰਤ ਉਹ ਅੰਮ੍ਰਿਤਸਰ ਆ ਗਿਆ। ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ, ਮੱਥਾ ਟੇਕਿਆ, ਪਰ ਮੂੰਹੋਂ ਕੁਝ ਨਾ ਬੋਲਿਆ। ਬਾਕੀ ਸਿੱਖਾਂ ਵਾਂਗ ਉਹ ਵੀ ਸੇਵਾ ਵਿਚ ਜੁੱਟ ਗਿਆ। ਉਹ ਜੰਗਲ ਵਿਚ ਜਾਂਦਾ ਅਤੇ ਲਕੜੀਆਂ ਕੱਟ ਕੇ ਲਿਆਉਂਦਾ। ਸਾਰਾ ਦਿਨ ਕਿਸੇ ਨਾ ਕਿਸੇ ਪ੍ਰਕਾਰ ਦੀ ਸੇਵਾ ਵਿਚ ਲੱਗਾ ਰਹਿੰਦਾ। ਇਕ ਵਾਰ ਜਦ ਉਹ ਲੱਕੜਾਂ ਦੀ ਪੰਡ ਚੁੱਕ ਕੇ ਅੰਮ੍ਰਿਤਸਰ ਨੂੰ ਆ ਰਿਹਾ ਸੀ ਤਾਂ ਬੜੇ ਜ਼ੋਰ ਦੀ ਹਨੇਰੀ ਆਈ ਅਤੇ ਚਾਰ ਚੁਫੇਰੇ ਹਨੇਰਾ ਛਾ ਗਿਆ। ਉਸ ਹਨੇਰੇ ਵਿਚ ਉਹ ਇਕ ਖੂਹ ਵਿਚ ਡਿੱਗ ਪਿਆ। ਪਰ ਉਸ ਲੱਕੜਾਂ ਨੂੰ ਭਿੱਜਣ ਨਾ ਦਿੱਤਾ ਆਪਣੇ ਸਿਰ ਉਤੇ ਹੀ ਟਿਕਾਈ ਰਖੀਆਂ ਅਤੇ ਆਪ ਪਾਠ ਕਰਨ ਲੱਗ ਗਿਆ। ਜਦ ਉਹ ਰਾਤ ਡੇਰੇ ਨਾ ਪੁੱਜਾ ਤਾਂ ਦੂਜੇ ਸਿੱਖਾਂ ਨੂੰ ਫ਼ਿਕਰ ਪੈ ਗਿਆ ਅਤੇ ਉਸ ਨੂੰ ਲੱਭਣ ਨਿਕਲ ਤੁਰੇ। ਇਕ ਖੂਹ ਵਿਚੋਂ ਉਨ੍ਹਾਂ ਨੂੰ ਗੁਰਬਾਣੀ ਪੜ੍ਹਨ ਦੀ ਆਵਾਜ਼ ਆਈ। ਜਦ ਉਨ੍ਹਾਂ ਵੇਖਿਆ ਤਾਂ ਭਾਈ ਮੰਝ ਲੱਕੜਾਂ ਦੀ ਪੰਡ ਸਿਰ 'ਤੇ ਟਿਕਾਈ ਖੂਹ ਵਿਚ ਖਲੋਤਾ ਪਾਠ ਕਰ ਰਿਹਾ ਸੀ। ਉਹ ਓਸੇ ਵੇਲੇ ਗੁਰੂ ਜੀ ਦੇ ਡੇਰੇ ਵੱਲ ਭੱਜੇ ਅਤੇ ਰੱਸੇ ਲੈ ਕੇ ਆ ਗਏ। ਰੱਸਾ ਲਮਕਾ ਕੇ ਉਨ੍ਹਾਂ ਭਾਈ ਮੰਝ ਨੂੰ ਕਿਹਾ, 'ਕਿ ਰੱਸਾ ਫੜ ਕੇ ਬਾਹਰ ਆ ਜਾਓ। ਪਰ ਭਾਈ ਮੰਝ ਨੇ ਕਿਹਾ, 'ਪਹਿਲਾਂ ਇਹ ਸੁਕੀਆਂ ਲੱਕੜਾਂ ਬਾਹਰ ਕਢੋ, ਫਿਰ ਮੈਂ ਵੀ ਨਿਕਲ ਆਵਾਂਗਾ।''ਜਦ ਗੁਰੂ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਵੀ ਖੂਹ 'ਤੇ ਪਹੁੰਚ ਗਏ। ਗੁਰੂ ਜੀ ਨੂੰ ਖੂਹ ਤੇ ਵੇਖ ਕੇ ਭਾਈ ਮੰਝ ਗੁਰੂ ਦੇ ਚਰਨਾਂ ਵਿਚ ਢਹਿ ਪਿਆ। ਗੁਰੂ ਜੀ ਨੇ ਕਿਹਾ, 'ਭਾਈ ਮੰਝ ਤੇਰੀ ਕਮਾਈ ਹੁਣ ਸਫਲ ਹੋਈ ਹੈ, ਕੁਝ ਮੰਗੋ। ਭਾਈ ਮੰਝ ਨੇ ਕਿਹਾ, 'ਗੁਰੂ ਜੀ ! ਮੈਨੂੰ ਬਖ਼ਸ਼ੋ ਕਿ ਮੈਂ ਨਾਮ ਦਾ ਸਿਮਰਨ ਕਦੇ ਨਾ ਭੁੱਲਾਂ ਅਤੇ ਸਿਦਕ ਦਾਨ ਨਾਲ ਮੇਰੀ ਝੋਲੀ ਭਰ ਦਿਓ।' ਗੁਰੂ ਜੀ ਭਾਈ ਮੰਝ ਦੀ ਇਹ ਗੱਲ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਫ਼ਰਮਾਇਆ

ਮੰਝ ਪਿਆਰਾ ਗੁਰੂ ਕੋ, ਗੁਰ ਮੰਝ ਪਿਆਰਾ।
ਮੰਝ ਗੁਰੂ ਕਾ ਬੋਹਿਥਾ, ਜਗ ਲੰਘਣ ਹਾਰਾ।

ਭਾਈ ਮੰਝ ਦੀ ਘਾਲਣਾ ਨੂੰ ਮੁੱਖ ਰੱਖ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਪਿੰਡ ਪ੍ਰਚਾਰਕ ਬਣਾ ਕੇ ਭੇਜ ਦਿੱਤਾ।

..........................................................

# ਖ਼ਬਰਨਾਮਾ

## ਕਿਸਾਨੀ ਅੰਦੋਲਨ ਦਿੱਲੀ ਬਾਰਡਰ 'ਤੇ ਨਾਮਧਾਰੀਆਂ ਵੱਲੋਂ ਸੇਵਾ

ਪਿਛਲੇ ਤਕਰੀਬਨ ਡੇਢ ਮਹੀਨੇ ਤੋਂ ਦਿੱਲੀ ਦੇ ਬਾਰਡਰਾਂ ਤੇ ਦੇਸ਼ ਦੇ ਵੱਖ ਵੱਖ ਕੋਨਿਆਂ ਤੋਂ ਕਿਸਾਨ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਮੌਜੂਦਾ ਸਰਕਾਰ ਬੀ.ਜੇ.ਪੀ ਵਿਰੁੱਧ ਰੋਸ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਦਾ ਮਕਸਦ ਸਰਕਾਰ ਵੱਲੋਂ ਸੰਸਦ ਵਿੱਚ ਪਾਸ ਕੀਤੇ ਤਿੰਨਾਂ ਕਾਨੂੰਨਾਂ ਦਾ ਵਿਰੋਧ ਹੈ। ਜਿਸ ਨੂੰ ਕਿਸਾਨ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਭੁਗਤਦੇ ਕਹਿ ਰਹੇ ਹਨ। ਇਸ ਕਿਸਾਨ ਅੰਦੋਲਨ ਦੇ ਪ੍ਰਦਰਸ਼ਨਕਾਰੀਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ। ਦੇਸ਼ ਭਰ ਦੀਆਂ ਵੱਖ-ਵੱਖ ਸਮਾਜਿਕ, ਧਾਰਮਿਕ ਸੰਸਥਾਵਾਂ ਇਸ ਮੋਰਚੇ ਤੇ ਜੁੱਟੇ ਕਿਸਾਨਾਂ ਦੀਆਂ ਜ਼ਰੂਰਤਾਂ ਮੁਹੱਈਆ ਕਰਵਾਉਣ ਵਿੱਚ ਜੁਟੀਆਂ ਹੋਈਆਂ ਹਨ। ਪੰਜਾਬ ਹਰਿਆਣੇ ਦੇ ਪਿੰਡਾਂ ਦੇ ਲੋਕੀਂ ਨਿੱਜੀ ਤੌਰ 'ਤੇ ਵੀ ਧਰਨੇ ਤੇ ਬੈਠੇ ਲੋਕਾਂ ਦੀਆਂ ਲੋੜਾਂ ਦਾ ਖਾਸ ਧਿਆਨ ਰੱਖ ਰਹੇ ਹਨ। ਵਿਦੇਸ਼ਾਂ ਵਿੱਚ ਬੈਠੇ ਪੰਜਾਬੀ ਵੀ ਪ੍ਰਦਰਸ਼ਨਕਾਰੀਆਂ ਲਈ ਸਹਾਇਕ ਮਦਦ ਕਰ ਰਹੇ ਹਨ। ਇਸ ਅੰਦੋਲਨ ਵਿੱਚ ਵੱਖ-ਵੱਖ ਇਲਾਕਿਆਂ ਦੀ ਨਾਮਧਾਰੀ ਸੰਗਤ ਨੇ ਵੀ ਆਪਣਾ ਯੋਗਦਾਨ ਪਾਇਆ ਹੈ।

ਇਸ ਅੰਦੋਲਨ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਦੀ ਇਕ ਵੈਨ ਡਾਕਟਰਾਂ ਦੀ ਟੀਮ ਨਾਲ ਉਥੇ ਹਾਜ਼ਰ ਹੈ, ਜੋ ਬਿਮਾਰ ਪ੍ਰਦਰਸ਼ਨਕਾਰੀਆਂ ਨੂੰ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀ ਨਾਮਧਾਰੀ ਸੰਗਤ ਨੇ ਲੰਗਰ ਲਾਏ ਹੋਏ ਹਨ। ਲੁਧਿਆਣਾ ਤੋਂ ਲਖਵੀਰ ਸਿੰਘ ਬੱਦੋਵਾਲ ਦੀ ਅਗਵਾਈ ਹੇਠ ਨਾਮਧਾਰੀ ਸੰਗਤ ਪਿੰਨੀਆਂ ਲੈ ਕੇ ਦਿੱਲੀ ਕੁੰਡਲੀ ਬਾਡਰ 'ਤੇ ਪਹੁੰਚੀ। ਇਲਾਕਾ ਜੀਵਨ ਨਗਰ ਦੇ ਕਾਫੀ ਨਾਮਧਾਰੀ ਕਿਸਾਨ ਕੁੰਡਲੀ, ਟਿਕਰੀ ਅਤੇ ਗਾਜ਼ੀਆਬਾਦ ਬਾਡਰ ਤੇ ਪਹੁੰਚੇ ਸਨ, ਜਿਨ੍ਹਾਂ ਨੇ ਉੱਥੇ ਚਾਹਟਾ, ਪਕੌੜੇ, ਅਲਸੀ ਦੀਆਂ ਪਿੰਨੀਆਂ ਆਦਿ ਦੇ ਲੰਗਰ ਲਾਏ ਹਨ। ਇਹ ਕਿਸਾਨ ਬੁੱਢੀਮਾੜੀ, ਅੰਮ੍ਰਿਤਸਰ ਕਲਾਂ, ਸੰਤਨਗਰ, ਪ੍ਰਤਾਪਨਗਰ, ਜੀਵਨ ਨਗਰ ਆਦਿ ਪਿੰਡਾਂ ਤੋਂ ਹਨ। ਇਸ ਤੋਂ ਇਲਾਵਾ ਜਾਲਖੇੜੀ, ਮੋਹਾਲੀ, ਦਿੱਲੀ, ਕਰਨਪੁਰ (ਪਟਿਆਲਾ), ਸਮਾਣਾ, ਬਾਜਪੁਰ, ਯੂ.ਪੀ., ਲਖੀਮਪੁਰ, ਲਿਟਾਂ, ਨਵਾਂ ਸ਼ਹਿਰ, ਜਲੰਧਰ ਤੋਂ ਵੀ ਨਾਮਧਾਰੀ ਵੱਡੀ ਗਿਣਤੀ ਵਿੱਚ ਪਹੁੰਚੇ। ਇਨ੍ਹਾਂ ਲੰਗਰਾਂ ਵਿੱਚ ਮੁੱਖ ਸੇਵਾਦਾਰ ਬੂਟਾ ਸਿੰਘ, ਗੋਬਿੰਦ ਸਿੰਘ ਵਿਰਕ, ਬਲਵੰਤ ਸਿੰਘ, ਸਤਨਾਮ ਸਿੰਘ, ਹਰੀ ਸਿੰਘ, ਬਿੱਕਰ ਸਿੰਘ, ਮੋਹਨ ਸਿੰਘ, ਦੀਪ ਵਿਰਕ, ਸ਼ੇਰ ਸਿੰਘ, ਚਾਨਣ ਸਿੰਘ ਬੁੱਢੀਮਾੜੀ, ਗੁਰਭਜਨ ਸਿੰਘ ਨਾਥ, ਗੁਰਪ੍ਰੀਤ ਸਿੰਘ ਸੰਤ ਨਗਰ ਆਦਿ ਹਨ।

3 ਜਨਵਰੀ 2021 ਨੂੰ ਸ੍ਰੀ ਭੈਣੀ ਸਾਹਿਬ ਤੋਂ ਕਾਫ਼ੀ ਗਿਣਤੀ ਵਿੱਚ ਨਾਮਧਾਰੀ ਨੌਜਵਾਨ ਸਿੰਘੂ, ਟਿਕਰੀ, ਗਾਜ਼ੀਪੁਰ ਬਾਰਡਰਾਂ ਤੇ ਪਹੁੰਚੇ। ਇਹ ਆਪਣੇ ਨਾਲ ਕੰਬਲ, ਬੁਨੈਣਾਂ, ਜੁਰਾਬਾਂ, ਮਫਲਰ ਆਦਿ ਵਸਤਾਂ ਤੋਂ ਇਲਾਵਾ ਸਾਢੇ ਪੰਜ ਕੁਇੰਟਲ ਅਲਸੀ ਦੀਆਂ ਪਿੰਨੀਆਂ ਬਣਾ ਕੇ ਲੈ ਕੇ ਪਹੁੰਚੇ।

**ਰਿਪੋਰਟ- ਬਲਵੰਤ ਸਿੰਘ ਪ੍ਰਤਾਪਨਗਰ**

## ਸ੍ਰੀ ਭੈਣੀ ਸਾਹਿਬ ਵਿਖੇ ਫੁੱਟਬਾਲ ਟਰਾਇਲ ਹੋਏ

24-25 ਦਿਸੰਬਰ 2020 ਨੂੰ ਸ੍ਰੀ ਭੈਣੀ ਸਾਹਿਬ ਵਿਖੇ 2004 ਤੋਂ 2008 ਤੱਕ ਜਨਮ ਦੇ ਬੱਚਿਆਂ ਦੇ ਫੁੱਟਬਾਲ ਟਰਾਇਲ ਰੱਖੇ ਗਏ। ਜਿਸ ਵਿੱਚ ਸਲੈਕਸ਼ਨ ਕਮੇਟੀ ਵਿੱਚ ਕੋਚ ਅਮਰਿੰਦਰ ਸਿੰਘ, ਕੁਲਵੰਤ ਸਿੰਘ, ਇਕਬਾਲ ਸਿੰਘ, ਸਰਤਾਜ ਸਿੰਘ, ਮਾਰਕੋ ਨੇ ਬੱਚਿਆਂ ਦੇ ਟਰਾਇਲ ਲਏ। ਇਹਨਾਂ ਟਰਾਇਲਾਂ ਨੂੰ 350 ਤੋਂ 400 ਬੱਚੇ ਟਰਾਇਲ ਦੇਣ ਲਈ ਦੂਰੋਂ-ਦੂਰੋਂ ਪਹੁੰਚੇ। ਜਿਸ ਵਿੱਚ 10 ਬੱਚੇ ਸਲੈਕਟ ਕੀਤੇ ਗਏ। ਉਤਰਾਖੰਡ, ਅਬੋਹਰ, ਅੰਮ੍ਰਿਤਸਰ, ਮੋਹਾਲੀ, ਮੋਗਾ, ਜਲੰਧਰ, ਗੁਰਦਾਸਪੁਰ, ਲੁਧਿਆਣਾ, ਹਿਸਾਰ, ਦਿੱਲੀ ਤੋਂ ਬੱਚੇ ਪਹੁੰਚੇ ਸਨ। ਸਲੈਕਟ ਹੋਏ ਬੱਚਿਆਂ ਦੀ ਰਹਾਇਸ਼ ਅਤੇ ਡਾਇਟ ਕਲੱਬ ਵੱਲੋਂ ਫਰੀ ਦਿੱਤੀ ਜਾਵੇਗੀ।

**ਰਿਪੋਰਟ- ਹਰਪ੍ਰੀਤ ਸਿੰਘ ਹੈਪੀ**

# ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ ਵਿੱਚ ਸਵਾਲ-ਜਵਾਬ ਪ੍ਰਤੀਯੋਗਤਾ

ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ ਸ੍ਰੀ ਜੀਵਨ ਨਗਰ ਵਿਖੇ 2-1-2021 ਨੂੰ ਬੱਚਿਆਂ ਵਿੱਚ ਇਤਿਹਾਸ ਦੀ ਚੇਤਨਾ ਜਗਾਉਣ ਲਈ, ਸਾਹਿਬਜ਼ਾਦਿਆਂ ਅਤੇ ਪੋਹ ਦੇ ਮਹੀਨੇ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਪ੍ਰਸ਼ਨ-ਉੱਤਰ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਛੇ ਟੀਮਾਂ ਨੇ ਹਿੱਸਾ ਲਿਆ ਜਿਨ੍ਹਾਂ ਦੇ ਨਾਮ ਕ੍ਰਮਵਾਰ-ਮਾਈ ਭਾਗੋ, ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫਤਿਹ ਸਿੰਘ, ਸ਼ਹੀਦ ਬਿਸ਼ਨ ਸਿੰਘ ਕੂਕਾ, ਸ਼ਹੀਦ ਵਰਿਆਮ ਸਿੰਘ ਮਹਿਰਾਜ ਅਤੇ ਸ਼ਹੀਦ-ਏ-ਆਜ਼ਮ ਸ੍ਰ ਭਗਤ ਸਿੰਘ ਦੇ ਨਾਵਾਂ ਤੇ ਅਧਾਰਿਤ ਸਨ। ਪ੍ਰਸ਼ਨ ਉੱਤਰਾਂ ਦੇ ਤਿੰਨ ਵੱਖ-ਵੱਖ ਦੌਰ ਚੱਲੇ ਜਿੰਨ੍ਹਾਂ ਦੇ ਨਾਮ ਕ੍ਰਮਵਾਰ-ਆਗਾਜ਼, ਅਕਸ ਅਤੇ ਇਖ਼ਤਿਤਾਮ ਸਨ। ਇਹ ਮੁਕਾਬਲਾ ਸਕੂਲ ਦੇ ਅਧਿਆਪਕ ਮੈਡਮ ਪ੍ਰਿਅੰਕਾ,ਮੈਡਮ ਕਮਲਜੀਤ, ਮੈਡਮ ਜੰਨਤ ਅਤੇ ਸ੍ਰੀ ਜੈ-ਪਾਲ ਦੁਆਰਾ ਕਰਵਾਇਆ ਗਿਆ। ਇਸ ਵਿੱਚ ਕੁੱਲ ਤੀਹ (30) ਵਿਦਿਆਰਥੀਆਂ ਨੇ ਭਾਗ ਲਿਆ ਜਿਨ੍ਹਾਂ ਤੋਂ ਸਿੱਖ ਇਤਿਹਾਸ, ਨਾਮਧਾਰੀ ਸਿੱਖ ਇਤਿਹਾਸ ਅਤੇ ਸਵਤੰਤਰਤਾ ਸੰਗਰਾਮ ਦੇ ਸ਼ਹੀਦਾਂ ਬਾਰੇ ਪ੍ਰਸ਼ਨ ਪੁੱਛੇ ਗਏ। ਇਸ ਮੁਕਾਬਲੇ ਦੇ ਜੱਜ ਪ੍ਰਿੰਸੀਪਲ ਸ੍ਰੀ ਪੁਨੀਤ ਚੰਦੇਲ ਜੀ ਅਤੇ ਵਾਇਸ ਪ੍ਰਿੰਸੀਪਲ ਮੈਡਮ ਦੀਪਾਲੀ ਸਨ। ਪ੍ਰੋਗਰਾਮ ਦੇ ਆਰੰਭ ਵਿੱਚ ਮੈਡਮ ਦੀਪਾਲੀ ਅਤੇ ਸ੍ਰ.ਗੁਰਚਰਨ ਸਿੰਘ (ਕਮੇਟੀ ਮੈਂਬਰ) ਨੇ ਬੱਚਿਆਂ ਵਿੱਚ ਇਤਿਹਾਸ ਬੋਧ ਪੈਦਾ ਕਰਨ ਲਈ ਕਰਵਾਏ ਜਾ ਰਹੇ ਇਸ ਸਮਾਗਮ ਦਾ ਮਕਸਦ ਬਿਆਨਿਆ ਅਤੇ ਪ੍ਰਿੰਸੀਪਲ ਸਾਹਿਬ ਜੀ ਨੇ ਆਏ ਹੋਏ ਮੁੱਖ ਮਹਿਮਾਨ ਸ੍ਰ.ਸਵਰਨ ਸਿੰਘ ਵਿਰਕ ਜੀ ਦਾ ਨਿੱਘਾ ਸਵਾਗਤ ਕੀਤਾ। ਇਸ ਮੁਕਾਬਲੇ ਦੌਰਾਨ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਟੀਮ ਨੇ ਪਹਿਲਾ ਅਤੇ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਵਰਿਆਮ ਸਿੰਘ ਮਹਿਰਾਜ ਟੀਮ ਨੇ ਸਾਂਝੇ ਰੂਪ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਸਾਰੇ ਪ੍ਰਤਿਯੋਗੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਸਾਹਿਬ ਨੇ ਬੱਚਿਆਂ ਨੂੰ ਵਧ-ਚੜ੍ਹ ਕੇ ਇਸ ਤਰ੍ਹਾਂ ਦੇ ਪ੍ਰਗੋਰਾਮਾਂ ਵਿੱਚ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ ਤਾਂ ਜੋ ਉਹ ਆਪਣੇ ਸ਼ਹੀਦੀਆਂ ਭਰੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਣ। ਪ੍ਰੋਗਰਾਮ ਦੀ ਸਮਾਪਤੀ ਤੇ ਬੋਲਦਿਆਂ ਸ੍ਰ.ਸਵਰਨ ਸਿੰਘ ਵਿਰਕ ਹੋਰਾਂ ਨੇ ਛੋਟੇ-ਛੋਟੇ ਬੱਚਿਆਂ ਵਿੱਚ ਸੂਝ-ਬੂਝ ਦੇ ਵਿਕਸਤ ਸਤਰ ਬਾਰੇ ਪ੍ਰਸੰਨਤਾ ਪ੍ਰਗਟ ਕੀਤੀ ਅਤੇ ਪ੍ਰਿੰਸੀਪਲ ਸਾਹਿਬ ਅਤੇ ਸਮੂਹ ਸਟਾਫ ਨੂੰ ਇਸ ਤਰ੍ਹਾਂ ਦਾ ਉਪਰਾਲਾ ਕਰਨ ਲਈ ਵਧਾਈ ਦਿੱਤੀ। ਉਹਨਾਂ ਨੇ ਬੱਚਿਆਂ ਨੂੰ ਕੌਮੀ ਸ਼ਹੀਦਾਂ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਉਹਨਾਂ ਨੂੰ ਆਪਣੇ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ ਪੜ੍ਹਨ ਦੀ ਵੀ ਪ੍ਰੇਰਨਾ ਦਿੱਤੀ ਤਾਂ ਜੋ ਵਿਦਿਆਰਥੀ ਆਪਣੇ ਸ਼ਾਨਦਾਰ ਇਤਿਹਾਸ ਤੋਂ ਜਾਣੂ ਹੋ ਸਕਣ। ਉਹਨਾਂ ਇਹ ਵੀ ਕਿਹਾ ਕਿ ਜੇਕਰ ਸਾਰੇ ਹੀ ਸਕੂਲ ਸਮੇਂ-ਸਮੇਂ ਤੇ ਇਸ ਤਰ੍ਹਾਂ ਦੇ ਉਪਰਾਲੇ ਕਰਦੇ ਰਹਿਣ ਤਾਂ ਸਾਡੀ ਨੌਜਵਾਨ ਪੀੜ੍ਹੀ ਨਾ ਸਿਰਫ ਬੁਰੀਆਂ ਆਦਤਾਂ ਤੋਂ ਦੂਰ ਰਹੇਗੀ ਸਗੋਂ ਇੱਕ ਉਸਾਰੂ ਸਮਾਜ ਦੀ ਸਿਰਜਕ ਵੀ ਬਣੇਗੀ।



## ਕਿਸਾਨੀ ਅੰਦੋਲਨ ਦੀਆਂ ਝਲਕੀਆਂ



Date of Publication: 21-01-2021,
Date of Posting: 22-23 Jan. 2021

RNI NO. 55658/93

# .ਗ਼ਜ਼ਲ

–ਬਾਬਾ ਨਜ਼ਮੀ
ਪਾਕਿਸਤਾਨੀ ਪੰਜਾਬੀ ਕਵੀ

ਭਾਰ ਵਧੇਰੇ ਪਾ ਨਾ ਦਿੱਲੀਏ ਸਾਡੇ ਤੇ।
ਤਾਕਤ ਨੂੰ ਅਜ਼ਮਾ ਨਾ ਦਿੱਲੀਏ ਸਾਡੇ ਤੇ।

ਅਸੀਂ ਪੰਜਾਬੀ ਅੜੀਏ ਅਣਖੀ ਸਦੀਆਂ ਤੋਂ,
ਚੌਧਰ ਨਵੇਂ ਜਮਾ ਨਾ ਦਿੱਲੀਏ ਸਾਡੇ ਤੇ।

ਇੱਟ ਦਾ ਅਸੀਂ ਜਵਾਬ ਦੇ ਦਈਏ ਪੱਥਰ ਨਾਲ,
ਕੱਲ੍ਹ ਨੂੰ ਕਰੀਂ ਗਿਲਾ ਨਾ ਦਿੱਲੀਏ ਸਾਡੇ ਤੇ।

ਫਸਲਾਂ ਅਸੀਂ ਉਗਾਈਏ ਆਪਣੇ ਮੁੜ੍ਹਕੇ ਨਾਲ,
ਹੁਕਮੀ ਰੰਗ ਚੜ੍ਹਾ ਨਾ ਦਿੱਲੀਏ ਸਾਡੇ ਤੇ।

ਤੈਥੋਂ ਸਾਂਭ ਨਹੀਂ ਹੋਣਾ ਡੁੱਲਿਆ ਸਾਡਾ ਲਹੂ,
ਕਰਨ ਚੜ੍ਹਾਈਆਂ ਆ ਨਾ ਦਿੱਲੀਏ ਸਾਡੇ ਤੇ।

ਤੇਰੇ ਨਾਲੋਂ ਥੋੜ੍ਹੇ ਸਹੀ ਪਰ ਬੁਜ਼ਦਿਲ ਨਹੀਂ,
ਦੱਬੀ ਅੱਗ ਭਖਾ ਨਾ ਦਿੱਲੀਏ ਸਾਡੇ ਤੇ।

ਧੌਣ ਝੁਕਾ ਕੇ ਜੀਣਾ ਸਾਨੂੰ ਆਉਂਦਾ ਨਹੀਂ,
ਪੁੱਠੀ ਛੁਰੀ ਚਲਾ ਨਾ ਦਿੱਲੀਏ ਸਾਡੇ ਤੇ।

ਤੇਰੀ ਜੂਹ ਵੀ ਕਦੇ ਪੰਜਾਬ ਦਾ ਹਿੱਸਾ ਸੀ,
ਅਪਣਾ ਬੁੱਤ ਬਣਾ ਨਾ ਦਿੱਲੀਏ ਸਾਡੇ ਤੇ।

ਵੈਰੀ ਹੋ ਨਾ ਜਾਈਏ ਤੇਰੇ ਸਦੀਆਂ ਲਈ,
ਐਸਾ ਵਕਤ ਲਿਆ ਨਾ ਦਿੱਲੀਏ ਸਾਡੇ ਤੇ।

ਆ ਜਾ ਦੋਵੇਂ ਮੰਨੀਏ 'ਬਾਬਾ ਨਜ਼ਮੀ' ਦੀ,
ਨਫ਼ਰਤ ਹੋਰ ਵਧਾ ਨਾ ਦਿੱਲੀਏ ਸਾਡੇ ਤੇ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.